ੴ ਸਤਿਗੁਰ ਪ੍ਰਸਾਦਿ ॥

# ਗੁਰੂ ਗ੍ਰੰਥ ਸਾਹਿਬ ਸਾਰ

## ਮੂਲ ਰੂਪ ਵਿੱਚ

ਸਿੱਖ ਮਿਸ਼ਨਰੀ ਕਾਲਜ (ਰਜਿ:)
ਲੁਧਿਆਣਾ ਦੁਆਰਾ ਪ੍ਰਕਾਸ਼ਿਤ ਪੁਸਤਕ

ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਵ ਚੈਰਿਟੇਬਲ ਟਰਸਟ, ਚੰਡੀਗੜ੍ਹ

ਲਾਂਚ ਕਰਤਾ : ਜਸਬੀਰ ਸਿੰਘ
Mob. : 099881-60484, 62390-45985

Type Setting : Radheshyam Choudhary
Mob. : 098149- 66882

Download Free

# ਗੁਰੂਗ੍ਰੰਥ ਸਾਹਿਬ ਸਾਰ

– ਸ: ਕਿਰਪਾਲ ਸਿੰਘ 'ਚੰਦਨ'

### ਏਹ ਵਸਤੁ ਤਜੀ ਨਹ ਜਾਈ

ਸ੍ਰੀ ਗੁਰੂਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਮਗਰੋਂ, ਗੁਰੂਅਰਜਨ ਦੇਵ ਜੀ ਨੇ ਆਪਣੇ ਵਿਚਾਰ ਦਿੰਦਿਆਂ ਫ਼ੁਰਮਾਇਆ ਹੈ ਕਿ ਉਨ੍ਹਾਂ ਨੇ ਸ੍ਰੀ ਗੁਰੂਗ੍ਰੰਥ ਸਾਹਿਬ ਦੇ ਰੂਪ ਵਿਚ ਸੰਸਾਰ ਨੂੰ ਅਧਿਆਤਮਕ ਭੋਜਨ ਦਾ ਥਾਲ ਪਰੋਸ ਕੇ ਦਿੱਤਾ ਹੈ। ਇਸ ਭੋਜਨ ਵਿਚ ਉੱਚਾ ਆਚਰਨ (ਸਤੁ), ਸੰਸਾਰਕ ਪਦਾਰਥਾਂ ਵਲੋਂ ਤ੍ਰਿਪਤੀ (ਸੰਤੋਖੁ) ਅਤੇ ਆਤਮਕ-ਸੂਝ (ਵੀਚਾਰੋ) ਰੂਪੀ ਵਸਤਾਂ ਪਾਈਆਂ ਹਨ। ਪ੍ਰਭੂ ਦੀ ਸਿਫ਼ਤ-ਸਲਾਹ (ਨਾਮੁ) ਵੀ ਪਾਈ ਹੈ। ਜੋ ਵੀ ਵਿਅਕਤੀ ਇਸ ਆਤਮਕ ਭੋਜਨ ਨੂੰ ਛਕੇਗਾ, ਇਸ ਨੂੰ ਪਚਾਵੇਗਾ, ਉਸ ਦਾ ਜੀਵਨ ਹਰ ਪੱਖੋਂ ਸਫ਼ਲ ਹੋਵੇਗਾ। ਸੰਸਾਰ ਨੂੰ ਇਸ ਭੋਜਨ ਦੀ ਅਤਿਅੰਤ ਲੋੜ ਹੈ। ਇਸ ਤੋਂ ਬਿਨਾਂ ਮਨੁੱਖੀ ਜੀਵਨ ਦੀ ਸਫ਼ਲਤਾ ਅਸੰਭਵ ਹੈ; ਇਸ ਲਈ ਗੁਰਬਾਣੀ ਨੂੰ ਮਨ ਵਿਚ ਵਸਾਉਣਾ ਚਾਹੀਦਾ ਹੈ। ਸ੍ਰੀ ਗੁਰੂਅਰਜਨ ਦੇਵ ਜੀ ਦਾ ਆਪਣਾ ਕਥਨ ਹੈ:

**ਥਾਲ ਵਿਚਿ ਤਿੰਨਿ ਵਸਤੂ ਪਈਓ, ਸਤੁ ਸੰਤੋਖੁ ਵੀਚਾਰੋ ॥**

**ਅੰਮ੍ਰਿਤ ਨਾਮੁ ਠਾਕੁਰ ਦਾ ਪਇਓ, ਜਿਸ ਦਾ ਸਭਸੁ ਅਧਾਰੋ ॥**

**ਜੇ ਕੋ ਖਾਵੈ, ਜੇ ਕੋ ਭੁੰਚੈ, ਤਿਸ ਕਾ ਹੋਇ ਉਧਾਰੋ ॥**

**ਏਹ ਵਸਤੁ ਤਜੀ ਨਹ ਜਾਈ, ਨਿਤ ਨਿਤ ਰਖੁ ਉਰਿ ਧਾਰੋ ॥**

**ਤਮ ਸੰਸਾਰੁ ਚਰਨ ਲਗਿ ਤਰੀਐ, ਸਭੁ ਨਾਨਕ ਬ੍ਰਹਮ ਪਸਾਰੋ ॥੧॥**

(ਮੁੰਦਾਵਣੀ, ਮਹਲਾ 5, ਪੰਨਾ 1429)

### ਗੁਰਬਾਣੀ

ਸ੍ਰੀ ਗੁਰੂਗ੍ਰੰਥ ਸਾਹਿਬ ਵਿਚ ਪਰੋਸਿਆ ਪਵਿੱਤਰ ਭੋਜਨ-ਗੁਰਬਾਣੀ-ਸਤਿਗੁਰਾਂ ਨੂੰ ਅਕਾਲ ਪੁਰਖ ਵਲੋਂ ਪ੍ਰਾਪਤ ਹੋਈ ਅਮੁੱਲ ਵਸਤੂ ਹੈ। ਇਹ ਉਹ ਗਿਆਨ ਹੈ ਜੋ ਪ੍ਰਭੂ-ਦਰ ਤੋਂ, ਜਗਤ ਦੇ ਕਲਿਆਣ ਲਈ, ਸਤਿਗੁਰਾਂ ਨੂੰ ਬਖ਼ਸ਼ਿਸ਼ ਹੋਇਆ ਹੈ। ਸਤਿਗੁਰੂ ਆਪ ਫ਼ੁਰਮਾਉਂਦੇ ਹਨ:

**ਜੈਸੀ ਮੈ ਆਵੈ ਖਸਮ ਕੀ ਬਾਣੀ**

**ਤੈਸੜਾ ਕਰੀ ਗਿਆਨੁ ਵੇ ਲਾਲੋ ॥** (ਤਿਲੰਗ, ਮ: 1, ਪੰਨਾ 822)

**ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ**

**ਹਰਿ ਕਰਤਾ ਆਪਿ ਮੁਹਹੁ ਕਢਾਏ ॥** (ਗਉੜੀ ਕੀ ਵਾਰ, ਮ: 4, ਪੰਨਾ 308)

## ਜੀਵਨ ਮਨੋਰਥ

ਮਨੁੱਖ ਦੀ ਆਤਮਾ ਅਕਾਲ ਪੁਰਖ (ਪਰਮ-ਆਤਮਾ) ਦਾ ਅੰਸ਼ (ਹਿੱਸਾ) ਹੈ। ਆਤਮਾ ਤੇ ਪਰਮਾਤਮਾ ਦੇ ਸੁਮੇਲ ਵਿਚ ਸੁਖ ਹਨ ਅਤੇ ਆਤਮਾ ਤੇ ਪਰਮਾਤਮਾ ਦੇ ਵਿਛੋੜੇ ਵਿਚ ਦੁੱਖ। ਇਸ ਲਈ ਸਿੱਖ ਦਾ ਜੀਵਨ-ਮਨੋਰਥ ਪ੍ਰਭੂ ਨਾਲ ਅਭੇਦਤਾ ਪ੍ਰਾਪਤ ਕਰਨਾ ਹੈ; ਉਸ ਨਾਲ ਜੁੜੇ ਰਹਿਣਾ ਹੈ। ਮਨੋਰਥ ਦੀ ਪ੍ਰਾਪਤੀ ਸਾਧ-ਸੰਗਤ ਵਿਚ ਜਾ ਕੇ ਪ੍ਰਭੂ ਦਾ ਜਸ ਕਰਨ, ਸਿਫ਼ਤ-ਸਲਾਹ ਕਰਨ ਅਥਵਾ ਨਾਮ ਜਪਣ ਨਾਲ ਹੁੰਦੀ ਹੈ:

**ਭਈ ਪਰਾਪਤਿ ਮਾਨੁਖ ਦੇਹੁਰੀਆ ॥**

**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥**

**ਅਵਰਿ ਕਾਜ ਤੇਰੈ ਕਿਤੈ ਨ ਕਾਮ ॥**

**ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥** (ਆਸਾ, ਮਹਲਾ 5, ਪੰਨਾ 389)

## ਨਾਮ ਸਿਮਰਨ

ਪ੍ਰਭੂ ਦੇ ਗੁਣ ਗਾ-ਗਾ ਕੇ, ਉਸ ਦੀ ਯਾਦ ਨੂੰ ਆਪਣੇ ਮਨ ਵਿਚ ਪੱਕੇ ਤੌਰ ਤੇ ਵਸਾ ਲੈਣਾ ਅਤੇ ਜੀਵਨ ਦੇ ਸਾਰੇ ਕਾਰ-ਵਿਹਾਰ ਕਰਦਿਆਂ ਹੋਇਆਂ, ਹੱਸਦਿਆਂ-ਖੇਡਦਿਆਂ, ਖਾਂਦਿਆਂ-ਪੀਂਦਿਆਂ, ਸੌਂਦਿਆਂ-ਜਾਗਦਿਆਂ ਪ੍ਰਭੂ ਦੀ ਯਾਦ ਵਿਚ ਜੁੜ ਰਹਿਣਾ ਨਾਮ ਸਿਮਰਨ ਹੈ:

**ਅੰਮ੍ਰਿਤ ਵੇਲਾ ਸਚੁ ਨਾਉ, ਵਡਿਆਈ ਵੀਚਾਰੁ ॥** (ਜਪੁ ਜੀ, ਪਉੜੀ 4)

ਯਥਾ

**ਗੁਣਾ ਕਾ ਗਾਹੁਕ ਹੋਵੈ, ਸੋ ਗੁਣ ਜਾਣੈ ॥**

**ਅੰਮ੍ਰਿਤ ਸਬਦਿ ਨਾਮੁ ਵਖਾਣੈ ॥**

**ਸਾਚੀ ਬਾਣੀ ਸੂਚਾ ਹੋਇ ॥ ਗੁਣ ਤੇ ਨਾਮੁ ਪਰਾਪਤਿ ਹੋਇ ॥**

(ਆਸਾ, ਮਹਲਾ 3, ਪੰਨਾ 361)

ਪ੍ਰਭੂ ਦਾ ਨਾਮ ਸਿਮਰਨ ਨਾਲ ਮਾਇਆ ਦੀ ਤ੍ਰਿਸ਼ਨਾ ਖ਼ਤਮ ਹੋ ਜਾਂਦੀ ਹੈ; ਪ੍ਰਭੂ ਵਾਲੇ ਗੁਣ ਮਨ ਵਿਚ ਵੱਸ ਜਾਂਦੇ ਹਨ ਤੇ ਪ੍ਰਭੂ ਵਰਗੇ ਬਣ ਜਾਈਦਾ ਹੈ; ਅੰਤ ਪ੍ਰਭੂ ਨਾਲ ਅਭੇਦਤਾ ਪ੍ਰਾਪਤ ਹੁੰਦੀ ਹੈ:

**ਬਾਰੰਬਾਰ ਬਾਰ ਪ੍ਰਭੁ ਜਪੀਐ ॥ ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥**

(ਗਉੜੀ, ਸੁਖਮਨੀ, ਮਹਲਾ 5, ਪੰਨਾ 286)

**ਜਿਨ ਹਰਿ ਜਪਿਆ, ਸੇ ਹਰਿ ਹੋਏ, ਹਰਿ ਮਿਲਿਆ ਕੇਲ ਕੇਲਾਲੀ ॥**

(ਧਨਾਸਰੀ, ਮਹਲਾ 4, ਪੰਨਾ 667)

**ਇਛਾ ਪੂਰਕੁ ਸਰਬ ਸੁਖਦਾਤਾ ਹਰਿ, ਜਾ ਕੈ ਵਸਿ ਹੈ ਕਾਮਧੇਨਾ ॥**

**ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ ਤਾ ਸਰਬ ਸੁਖ ਪਾਵਹਿ ਮੇਰੇ ਮਨਾ ॥**

(ਧਨਾਸਰੀ, ਮਹਲਾ 4, ਪੰਨਾ 669)

ਨਾਮ ਸਿਮਰਨ ਦਾ ਢੰਗ ਹੈ-ਸਤਿਗੁਰੂ ਦੀ ਸ਼ਰਨ ਵਿਚ ਆ ਕੇ, ਉਸਦਾ ਹੁਕਮ ਮੰਨ ਕੇ, ਪ੍ਰਭੂ ਦੇ ਗੁਣ ਆਖਣੇ (ਜਾਂ ਗਾਉਣੇ):

**ਗੁਨ ਕਹੁ, ਹਰਿ ਲਹੁ, ਕਰਿ ਸੇਵਾ ਸਤਿਗੁਰ**

**ਇਵ ਹਰਿ ਹਰਿ ਨਾਮੁ ਧਿਆਈ ॥** (ਧਨਾਸਰੀ, ਮਹਲਾ 4, ਪੰਨਾ 669)

**ਯਥਾ**

**ਗੁਰ ਤੇ ਸਾਤਿ ਭਗਤਿ ਕਰੇ ਦਿਨੁ ਰਾਤੀ**

**ਗੁਣ ਕਹਿ ਗੁਣੀ ਸਮਾਵਣਿਆ ॥** (ਮਾਝ, ਮਹਲਾ 3, ਪੰਨਾ 117)

## ਪਰਮਾਤਮਾ

ਜਿਹੜੀ ਅਦਿੱਖ ਸ਼ਕਤੀ, ਖੰਡਾਂ-ਬ੍ਰਹਮੰਡਾਂ, ਦਿਸਦੀਆਂ ਤੇ ਅਣਦਿਸਦੀਆਂ ਸ੍ਰਿਸ਼ਟੀਆਂ ਨੂੰ ਪੈਦਾ ਕਰਨ ਵਾਲੀ ਹੈ, ਉਨ੍ਹਾਂ ਦਾ ਪ੍ਰਬੰਧ ਕਰ ਰਹੀ ਹੈ, ਉਸਦਾ ਨਾਮ ਪਰਮਾਤਮਾ ਹੈ। ਇਹ ਜਦੋਂ ਚਾਹੇ ਆਪਣੀ ਰਚਨਾ ਨੂੰ ਸਮੇਟ ਵੀ ਸਕਦੀ ਹੈ। ਇਸ ਸਰਬ- ਸਮਰੱਥ ਸ਼ਕਤੀ ਦੀ ਖ਼ਾਸੀਅਤ ਇਹ ਹੈ ਇਕੋ-ਇਕ ਹੈ (ਇਸਦੇ ਬਰਾਬਰ ਹੋਰ ਕੋਈ ਸ਼ਕਤੀ ਨਹੀਂ) ਅਤੇ ਹਮੇਸ਼ਾਂ ਤੋਂ ਇਕ-ਰਸ ਵਿਆਪਕ ਹੈ, ਇਸ ਦਾ ਨਾਮ ਹੋਂਦ ਵਾਲਾ ਹੈ, ਇਹ ਸਾਰੀ ਸ੍ਰਿਸ਼ਟੀ ਦੀ ਰਚਨਾਹਾਰ ਤੇ ਇਸ ਵਿਚ ਵਿਆਪਕ ਹੈ; ਇਹ ਭੈ-ਰਹਿਤ ਹੈ, ਵੈਰ-ਰਹਿਤ,

ਨਾਸ਼-ਰਹਿਤ ਹੈ ਤੇ ਜਨਮ-ਮਰਨ ਵਿਚ ਨਹੀਂ ਆਉਂਦੀ; ਇਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ। ਸਤਿਗੁਰੂ ਦੀ ਕਿਰਪਾ ਨਾਲ ਇਸ ਸ਼ਕਤੀ ਦਾ ਅਨੁਭਵ ਤੇ ਮਿਲਾਪ ਹੁੰਦਾ ਹੈ। ਇਹ ਆਕਾਰ-ਰਹਿਤ (ਨਿਰਾਕਾਰ) ਤਾਂ ਹੈ, ਪਰ ਸਾਰੀ ਰਚਨਾ ਇਸ ਤੋਂ ਪੈਦਾ ਹੋਣ ਕਰਕੇ ਇਸੇ ਦਾ ਆਕਾਰ ਹੈ, ਜੋ ਇਸ ਦਾ 'ਸਰਗੁਣ ਸਰੂਪ' ਹੈ :

**ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ**

**ਅਜੂਨੀ ਸੈਭੰ ਗੁਰ ਪ੍ਰਸਾਦਿ ॥** (ਗੁਰੂ ਗ੍ਰੰਥ ਸਾਹਿਬ, ਪੰਨਾ 1)

**ਯਥਾ**

**ਨਿਰੰਕਾਰ ਆਕਾਰ ਆਪਿ, ਨਿਰਗੁਨ ਸਰਗੁਨ ਏਕ ॥**

**ਏਕਹਿ ਏਕ ਬਖਾਨਨੋ, ਨਾਨਕ ਏਕ ਅਨੇਕ ॥**

(ਗਉੜੀ, ਬਾਵਨ ਅਖਰੀ, ਮਹਲਾ 5, ਪੰਨਾ 250)

**ਮਹਿਮਾ ਨ ਜਾਨਹਿ ਬੇਦ ॥ ਬ੍ਰਹਮੇ ਨਹੀ ਜਾਨਹਿ ਭੇਦ ॥**

**ਅਵਤਾਰ ਨ ਜਾਨਹਿ ਅੰਤੁ ॥**

**ਪਰਮੇਸਰੁ ਪਾਰਬ੍ਰਹਮ ਬੇਅੰਤੁ ॥੧॥**

**ਅਪਨੀ ਗਤਿ ਆਪਿ ਜਾਨੈ ॥**

**ਸੁਣਿ ਸੁਣਿ ਅਵਰ ਵਖਾਨੈ ॥੧॥ਰਹਾਉ ॥**

**ਸੰਕਰਾ ਨਹੀ ਜਾਨਹਿ ਭੇਵ ॥ ਖੋਜਤ ਹਾਰੇ ਦੇਵ ॥**

**ਦੇਵੀਆ ਨਹੀ ਜਾਨੈ ਮਰਮ ॥ ਸਭ ਊਪਰਿ ਅਲਖ ਪਾਰਬ੍ਰਹਮ ॥**

(ਰਾਮਕਲੀ, ਮਹਲਾ 5, ਪੰਨਾ 894)

## ਗੁਰੂ ਤੇ ਸ਼ਬਦ-ਗੁਰੂ

ਅਗਿਆਨਤਾ ਦੇ ਹਨੇਰੇ ਵਿਚ ਗਿਆਨ ਦਾ ਚਾਨਣ ਕਰਨ ਵਾਲੇ ਤੇ ਪ੍ਰਭੂ ਨਾਲ ਅਭੇਦ, ਪ੍ਰਭੂ ਵਰਗੀ ਸ਼ਖ਼ਸੀਅਤ ਨੂੰ ਗੁਰੂ ਕਿਹਾ ਗਿਆ ਹੈ। ਗੁਰੂ ਸਿੱਖ ਦੇ ਜੀਵਨ-ਮਾਰਗ ਨੂੰ ਰੁਸ਼ਨਾਉਂਦਾ ਹੈ: ਇਕ ਗਾਈਡ ਦੀ ਤਰ੍ਹਾਂ ਸਿੱਖ ਦੀ ਅਗਵਾਈ ਕਰਦਾ ਹੈ; ਸਿੱਖ ਦਾ ਜੀਵਨ ਸਫ਼ਲ ਕਰਕੇ ਉਸਨੂੰ ਪ੍ਰਭੂ ਵਿਚ ਅਭੇਦ ਕਰ ਦਿੰਦਾ ਹੈ:

**ਗੁਰ ਤੇ ਗਿਆਨੁ ਊਪਜੈ ਮਹਾ ਤਤੁ ਬੀਚਾਰਾ ॥**

**ਗੁਰ ਤੇ ਘਰੁ ਦਰੁ ਪਾਇਆ ਭਗਤੀ ਭਰੇ ਭੰਡਾਰਾ ॥** (ਆਸਾ, ਮਹਲਾ 3, ਅਸਟ, ਪੰਨਾ 424)

**ਗੁਰੁ ਦਾਤਾ, ਗੁਰੁ ਹਿਵੈ ਘਰੁ, ਗੁਰੁ ਦੀਪਕੁ ਤਿਹ ਲੋਇ ॥**

**ਅਮਰ ਪਦਾਰਥੁ ਨਾਨਕਾ, ਮਨਿ ਮਾਨਿਐ ਸੁਖੁ ਹੋਇ ॥**(ਆਸਾ, ਮਹਲਾ 3, ਅਸਟ, ਪੰਨਾ 137)

**(ਹਿਵੈ ਘਰੁ – ਬਰਫ਼ ਦਾ ਘਰ, ਠੰਢ/ਸ਼ਾਂਤੀ ਦਾ ਸੋਮਾ)**

**ਗੁਰੁ ਗੋਵਿੰਦ, ਗੋੁਵਿੰਦੁ ਗੁਰੂ ਹੈ, ਨਾਨਕ ਭੇਦੁ ਨ ਭਾਈ ॥** (ਆਸਾ, ਮਹਲਾ 4, ਪੰਨਾ 442)

ਸਤਿਗੁਰੂ ਆਪਣੇ ਸ਼ਬਦ ਦੇ ਰਾਹੀਂ ਹੀ ਸੱਚ ਦਾ, ਗਿਆਨ ਦਾ ਪ੍ਰਕਾਸ਼ ਕਰਦਾ ਹੈ। ਇਸ ਲਈ ਉਸਦਾ 'ਸ਼ਬਦ' ਹੀ ਸਿੱਖ ਦਾ ਗੁਰੂ ਹੁੰਦਾ ਹੈ। ਸ਼ਬਦ ਦੀ ਸੇਧ ਵਿਚ ਤੁਰ ਕੇ ਮਨੁੱਖ ਨਾਮ ਦੀ ਪ੍ਰਾਪਤੀ ਕਰਦਾ ਹੈ, ਆਤਮਕ ਗੁਣਾਂ ਦੀ ਦਾਤ ਪ੍ਰਾਪਤ ਕਰਦਾ ਹੈ ਅਤੇ ਸੰਸਾਰ–ਸਾਗਰ ਤਰ ਜਾਂਦਾ ਹੈ:

**ਸਤਿਗੁਰ ਸਬਦਿ ਉਜਾਰੋ ਦੀਪਾ ॥**

**ਬਿਨਸਿਓ ਅੰਧਕਾਰ ਤਿਹ ਮੰਦਰਿ, ਰਤਨ ਕੋਠੜੀ ਖੁਲ੍ਹੀ ਅਨੂਪਾ ॥**

(ਬਿਲਾਵਲੁ, ਮਹਲਾ 5, ਪੰਨਾ 921)

**ਇਸੁ ਜਗ ਮਹਿ ਸਬਦੁ ਕਰਣੀ ਹੈ ਸਾਰੁ ॥ ਬਿਨੁ ਸਬਦੈ ਹੋਰੁ ਮੋਹੁ ਗੁਬਾਰੁ ॥**

**ਸਬਦੇ ਨਾਮੁ ਰਖੈ ਉਰਿ ਧਾਰਿ ॥ ਸਬਦੇ ਗਤਿ ਮਤਿ ਮੋਖ ਦੁਆਰੁ ॥**

(ਪ੍ਰਭਾਤੀ, ਮਹਲਾ 1, ਪੰਨਾ 1342)

## ਸਿੱਖ ਕੌਣ?

ਜਿਹੜਾ ਵਿਅਕਤੀ ਮਨ ਵਿਚ ਪਿਆਰ ਤੇ ਸ਼ਰਧਾ–ਭਾਵਨਾ ਧਾਰਨ ਕਰ ਕੇ ਅਤੇ ਮਨ ਦੀ ਮਤ ਤਿਆਗ ਕੇ ਗੁਰੂ ਦੀ ਸਿਖਿਆ ਨੂੰ ਸੁਣਦਾ ਤੇ ਮੰਨਦਾ ਹੈ ਅਥਵਾ ਗੁਰੂ– ਦੱਸੀ ਕਾਰ ਕਰਦਾ ਹੈ, ਉਹ ਸਿੱਖ ਹੈ:

**ਸੋ ਸਿਖੁ ਸਖਾ ਬੰਧਪੁ ਹੈ ਭਾਈ, ਜਿ ਗੁਰ ਕੇ ਭਾਣੇ ਵਿਚਿ ਆਵੈ ॥**

**ਆਪਣੈ ਭਾਣੈ ਜੋ ਚਲੈ ਭਾਈ, ਵਿਛੁੜਿ ਚੋਟਾ ਖਾਵੈ ॥** (ਸੋਰਠਿ, ਮਹਲਾ 3, 601)

**ਧੰਨੁ ਧੰਨੁ ਸੋ ਗੁਰਸਿਖੁ ਕਹੀਐ**

**ਜਿਨਿ ਸਤਿਗੁਰ ਸੇਵਾ ਕਰਿ ਹਰਿ ਨਾਮੁ ਲਇਆ ॥**

**ਤਿਸੁ ਗੁਰਸਿਖ ਕੰਉ ਹੰਉ ਸਦਾ ਨਮਸਕਾਰੀ**

**ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ ॥** (ਵਾਰ ਵਡਹੰਸ, ਮਹਲਾ 4, ਪੰਨਾ 593)

## ਧਰਮ

ਪ੍ਰਭੂ ਦਾ ਨਾਮ ਸਿਮਰਨ ਕਰਨਾ ਅਤੇ ਸ਼ੁੱਭ ਕਰਮ ਕਰਨੇ-ਇਹ ਹੀ ਧਰਮ ਹੈ:

**ਸਰਬ ਧਰਮ ਮਹਿ ਸ੍ਰੇਸਟ ਧਰਮੁ ॥**

**ਹਰਿ ਕੋ ਨਾਮੁ ਜਪਿ, ਨਿਰਮਲ ਕਰਮੁ** (ਗਉੜੀ, ਸੁਖਮਨੀ, ਮਹਲਾ 5, 266)

## ਸਤਿ-ਸੰਗਤ

ਸਤਿ-ਸੰਗਤ ਐਸਾ ਅਸਥਾਨ ਹੈ ਜਿਥੇ ਗੁਰੂ ਦੀ ਮਤ ਗ੍ਰਹਿਣ ਕੀਤੀ ਜਾਂਦੀ ਹੈ। ਇਹ ਸਤਿਗੁਰੂ ਦੀ ਪਾਠਸ਼ਾਲਾ ਹੈ ਜਿਥੇ ਪਰਮਾਤਮਾ ਦੇ ਗੁਣ ਸਿੱਖੇ ਜਾਂਦੇ ਹਨ, ਜਿਥੇ ਮਨ ਨੂੰ ਪਵਿੱਤਰ (ਵਿਕਾਰ-ਰਹਿਤ) ਕੀਤਾ ਜਾਂਦਾ ਹੈ, ਅਗਿਆਨਤਾ ਦਾ ਹਨੇਰਾ ਕੱਟਿਆ ਜਾਂਦਾ ਹੈ ਤੇ ਪ੍ਰਭੂ ਦਾ ਪ੍ਰਕਾਸ਼ ਮਨ ਵਿਚ ਹੋ ਜਾਂਦਾ ਹੈ:

**ਸਤਸੰਗਤਿ ਸਤਿਗੁਰ ਚਟਸਾਲ ਹੈ, ਜਿਤੁ ਹਰਿ ਗੁਣ ਸਿਖਾ ॥**

(ਕਾਨੜੇ ਕੀ ਵਾਰ, ਮਹਲਾ 4, ਪੰਨਾ 1316)

ਯਥਾ

**ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ, ਹਰਿ ਕੈ ਨਾਮਿ ਨਿਵਾਸੁ ॥**

**ਮਿਟੈ ਅੰਧੇਰਾ ਅਗਿਆਨਤਾ ਭਾਈ, ਕਮਲ ਹੋਵੈ ਪਰਗਾਸੁ ॥**

(ਸੋਰਠਿ, ਮਹਲਾ 1, ਪੰਨਾ 639)

## ਕਰਨੀ

ਗੁਰੂ ਦੇ ਉਪਦੇਸ਼ ਅਨੁਸਾਰੀ ਹੋ ਕੇ ਜੀਵਨ ਬਤੀਤ ਕਰਨਾ 'ਕਰਨੀ' ਹੈ। ਗੁਰਮਤਿ ਦਾ ਗਿਆਨ ਹੋਣਾ ਹੀ ਕਾਫ਼ੀ ਨਹੀਂ, ਗੁਰਮਤਿ ਨੂੰ ਵਿਹਾਰਕ (ਅਮਲੀ) ਤੌਰ 'ਤੇ ਅਪਨਾਉਣ ਨਾਲ ਹੀ ਜੀਵਨ ਸਫ਼ਲ ਹੁੰਦਾ ਹੈ: ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ :

**ਜਹ ਕਰਣੀ ਤਹ ਪੂਰੀ ਮਤਿ ॥**

**ਕਰਣੀ ਬਾਝਹੁ ਘਟੇ ਘਟਿ ॥** (ਸਿਰੀਰਾਗੁ, ਮਹਲਾ 1, ਪੰਨਾ 25)

**ਊਚਉ ਥਾਨੁ ਸੁਹਾਵਣਾ, ਊਪਰਿ ਮਹਲੁ ਮੁਰਾਰਿ॥**

**ਸਚੁ ਕਰਣੀ ਦੇ ਪਾਈਐ, ਦਰੁ ਘਰੁ ਮਹਲੁ ਪਿਆਰਿ ॥** (ਸਿਰੀਰਾਗੁ, ਮਹਲਾ 1, ਪੰਨਾ 18)

## ਕਰਮ (ਕੰਮ)

ਜੀਵ ਜਿਹੋ ਜਿਹੇ (ਚੰਗੇ ਜਾਂ ਮਾੜੇ) ਕੰਮ ਕਰਦੇ ਹਨ, ਉਹੋ ਜਿਹਾ ਫ਼ਲ ਉਨ੍ਹਾਂ ਨੂੰ ਭੁਗਤਣਾ ਪੈਂਦਾ ਹੈ:

**ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥**

**ਆਪੇ ਬੀਜਿ ਆਪੇ ਹੀ ਖਾਹੁ ॥** (ਜਪੁ ਜੀ, ਪਉੜੀ – 20)

**ਯਥਾ**

**ਫਲੁ ਤੇਵੇਹੋ ਪਾਈਐ, ਜੇਵੇਹੀ ਕਾਰ ਕਮਾਈਐ ॥** (ਆਸਾ ਕੀ ਵਾਰ, ਮਹਲਾ 1, ਪੰਨਾ 468)

ਜੇ ਗੁਰੂ ਦੀ ਸ਼ਰਨ ਵਿਚ ਆ ਕੇ, ਮੰਦੇ ਕਰਮਾਂ ਤੋਂ ਤੋਬਾ ਕਰ ਲਈਏ ਤੇ ਗੁਰੂ ਦੇ ਹੁਕਮਾਂ ਅਨੁਸਾਰ ਚਲੀਏ, ਪ੍ਰਭੂ ਦਾ ਨਾਮ ਜਪੀਏ ਤਾਂ ਗੁਰੂ ਕਰਮਾਂ ਦਾ ਫ਼ਲ ਨਾਸ ਕਰ ਦਿੰਦਾ ਹੈ:

**ਚੂਕਾ ਭਾਰਾ ਕਰਮ ਕਾ, ਹੋਏ ਨਿਹਕਰਮਾ ॥**

**ਸਾਗਰ ਤੇ ਕੰਢੈ ਚੜੇ, ਗੁਰਿ ਕੀਨੇ ਧਰਮਾ ॥** (ਮਾਰੂ, ਮ: 5, ਪੰਨਾ 1002)

**ਯਥਾ**

**ਕਹਤੁ ਨਾਨਕ ਇਹੁ ਜੀਉ ਕਰਮ ਬੰਧੁ ਹੋਈ ॥**

**ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥** (ਭੈਰਉ, ਮਹਲਾ 3, ਪੰਨਾ 1128)

## ਪ੍ਰਭੂ ਦਾ ਹੁਕਮ

ਹੁਕਮ ਉਨ੍ਹਾਂ ਸਿਧਾਂਤਾਂ ਦਾ ਸਮੂਹ ਹੈ, ਜਿਨ੍ਹਾਂ ਦੁਆਰਾ ਅਕਾਲ ਪੁਰਖ ਸ੍ਰਿਸ਼ਟੀਆਂ ਸਾਜਦਾ, ਉਨ੍ਹਾਂ ਦਾ ਪ੍ਰਬੰਧ ਕਰਦਾ (ਚਲਾਉਂਦਾ) ਅਤੇ ਜੀਵਾਂ ਦੀ ਕਿਸਮਤ ਦਾ ਫ਼ੈਸਲਾ ਕਰਦਾ ਹੈ। ਸਭ ਕੁਝ ਪ੍ਰਭੂ ਦੇ ਹੁਕਮ ਵਿਚ ਹੈ, ਹੁਕਮ ਤੋਂ ਸੁਤੰਤਰ ਕੋਈ ਚੀਜ਼ ਵੀ ਨਹੀਂ:

**ਪਾਤਾਲ ਪੁਰੀਆ ਲੋਅ ਆਕਾਰਾ ॥**

**ਤਿਸੁ ਵਿਚਿ ਵਰਤੈ ਹੁਕਮ ਕਰਾਰਾ ॥**

**ਹੁਕਮੇ ਸਾਜੇ, ਹੁਕਮੇ ਢਾਹੇ, ਹੁਕਮੇ ਮੇਲਿ ਮਿਲਾਇਦਾ ॥** (ਮਾਰੂ, ਮਹਲਾ 3, ਪੰਨਾ 1060)

**ਹੁਕਮੈ ਅੰਦਰਿ ਸਭੁ ਕੋ, ਬਾਹਰਿ ਹੁਕਮ ਨ ਕੋਇ ॥**

**ਨਾਨਕ ਹੁਕਮੈ ਜੇ ਬੁਝੈ, ਤ ਹਉਮੈ ਕਹੈ ਨ ਕੋਇ ॥** (ਜਪੁ, ਜੀ, ਪਉੜੀ 2)

ਜੀਵਾਂ ਬਾਰੇ ਪ੍ਰਭੂ ਦਾ ਹੁਕਮ ਉਨ੍ਹਾਂ (ਜੀਵਾਂ) ਦੇ ਕੀਤੇ ਕਰਮਾਂ ਅਨੁਸਾਰ ਹੀ ਹੁੰਦਾ ਹੈ :

**ਹੁਕਮਿ ਚਲਾਏ ਆਪਣੈ, ਕਰਮੀ ਵਹੈ ਕਲਾਮ ॥**

**ਨਾਨਕ ਸਚਾ ਸਚਿ ਨਾਇ, ਸਚੁ ਸਭਾ ਦੀਬਾਨੁ ॥** (ਸਾਰਗ ਕੀ ਵਾਰ, ਮਹਲਾ 1, ਪੰਨਾ 1241)

## ਪ੍ਰਭੂ ਦਾ ਭਾਣਾ

ਜੋ ਕੁਝ ਪ੍ਰਭੂ ਨੂੰ ਚੰਗਾ ਲੱਗੇ (ਭਾਵੇ), ਉਹ ਪ੍ਰਭੂ ਦਾ ਭਾਣਾ ਹੈ। ਪ੍ਰਭੂ ਵਲੋਂ ਮਿਲੇ ਦੁੱਖ-ਸੁਖ ਅਤੇ ਖੁਸ਼ੀ-ਗ਼ਮੀ ਨੂੰ ਆਪਣੇ ਭਲੇ ਲਈ ਸਮਝਣਾ, ਭਾਣਾ ਮੰਨਣਾ ਹੈ:

**ਜੋ ਕਿਛੁ ਵਰਤੈ, ਸਭ ਤੇਰਾ ਭਾਣਾ ॥**

**ਹੁਕਮੁ ਬੂਝੈ, ਸੋ ਸਚਿ ਸਮਾਣਾ ॥** (ਗਉੜੀ, ਮਹਲਾ 5, ਪੰਨਾ 193)

**ਯਥਾ**

**ਸੁਖੁ ਦੁਖੁ ਤੇਰੀ ਆਗਿਆ ਪਿਆਰੇ, ਦੂਜੀ ਨਾਹੀ ਜਾਇ ॥3॥**

**ਜੋ ਤੂੰ ਕਰਾਵਹਿ ਸੋ ਕਰੀ ਪਿਆਰੇ, ਅਵਰੁ ਕਿਛੁ ਕਰਣੁ ਨ ਜਾਇ ॥**

(ਆਸਾ, ਮਹਲਾ 5, ਪੰਨਾ 432)

## ਨਦਰਿ (ਮਿਹਰ)

ਗੁਰਬਾਣੀ ਵਿਚ 'ਨਦਰਿ' ਲਈ ਮਿਹਰ, ਬਖ਼ਸ਼ਿਸ਼, ਕਿਰਪਾ, ਦਇਆ, ਕਰਮ ਆਦਿਕ ਸ਼ਬਦ ਵੀ ਵਰਤੇ ਗਏ ਹਨ। ਪ੍ਰਭੂ-ਪ੍ਰਾਪਤੀ ਜਾਂ ਆਪਣੇ ਜੀਵਨ ਦੇ ਉਧਾਰ (ਸਫ਼ਲਤਾ) ਲਈ ਹਉਮੈ-ਹੰਕਾਰ ਦੀ ਭਾਵਨਾ ਤੋਂ ਬਿਨਾਂ ਕੀਤੇ ਯਤਨ ਹੀ ਫਲੀਭੂਤ ਹੁੰਦੇ ਹਨ। ਯਤਨ ਕਰਦਿਆਂ ਹੋਇਆਂ ਪ੍ਰਭੂ ਦੀ ਬਖ਼ਸ਼ਿਸ਼ (ਨਦਰਿ) ਦਾ ਪਾਤਰ ਬਣੇ ਰਹਿਣਾ ਅਤੀ ਜ਼ਰੂਰੀ ਹੈ:

**ਨਦਰੀ ਸਤਗੁਰੁ ਸੇਵੀਐ, ਨਦਰੀ ਸੇਵਾ ਹੋਇ ॥**

**ਨਦਰੀ ਇਹੁ ਮਨੁ ਵਸਿ ਆਵੈ, ਨਦਰੀ ਮਨੁ ਨਿਰਮਲੁ ਹੋਇ ॥**

(ਵਡਹੰਸੁ, ਮਹਲਾ 3, ਪੰਨਾ 558)

**ਬਿਨੁ ਕਰਮੈ ਨਾਉ ਨ ਪਾਈਐ, ਪੂਰੈ ਕਰਮਿ ਪਾਇਆ ਜਾਇ ॥**

**ਨਾਨਕ ਨਦਰਿ ਕਰੇ ਜੇ ਆਪਣੀ, ਤਾ ਗੁਰਮਤਿ ਮੇਲਿ ਮਿਲਾਇ ॥**

(ਸੋਰਠਿ ਕੀ ਵਾਰ, ਮਹਲਾ 3, ਪੰਨਾ 648)

## ਦੇਵੀ-ਦੇਵਤੇ

ਦੇਵੀ-ਦੇਵਤੇ ਪ੍ਰਾਚੀਨ ਧਰਮ-ਗ੍ਰੰਥਾਂ ਦੀਆਂ ਕਲਪੀਆਂ ਹੋਈਆਂ ਹਸਤੀਆਂ ਹਨ, ਜਿਨ੍ਹਾਂ ਦੀ ਪੂਜਾ ਵੱਖ-ਵੱਖ ਇੱਛਾਵਾਂ ਦੀ ਪੂਰਤੀ ਦਾ ਸਾਧਨ ਦੱਸੀ ਗਈ ਹੈ। ਗੁਰਮਤਿ ਵਿਚ ਇਨ੍ਹਾਂ ਦੀ ਹਸਤੀ (ਵਜੂਦ) ਨੂੰ ਹੀ ਪ੍ਰਵਾਨਿਆ ਨਹੀਂ ਗਿਆ; ਸਗੋਂ ਇਹ ਕਿਹਾ ਗਿਆ ਹੈ ਕਿ ਕਲਪਿਤ ਦੇਵੀ-ਦੇਵਤੇ ਤਾਂ ਆਪਣੇ ਸਮੇਂ ਦੇ ਰਾਜੇ ਸਨ। ਇਨ੍ਹਾਂ ਨੂੰ ਪ੍ਰਭੂ ਦਾ ਕੋਈ ਗਿਆਨ ਨਹੀਂ ਸੀ :

**ਜੁਗਹ ਜੁਗਹ ਕੇ ਰਾਜੇ ਕੀਏ, ਗਾਵਹਿ ਕਰਿ ਅਵਤਾਰੀ ॥**

**ਤਿਨ ਭੀ ਅੰਤੁ ਨ ਪਾਇਆ ਤਾ ਕਾ, ਕਿਆ ਕਰਿ ਆਖਿ ਵੀਚਾਰੀ ॥**

(ਆਸਾ, ਮਹਲਾ 3, ਪੰਨਾ 423)

ਯਥਾ

**ਮਹਿਮਾ ਨ ਜਾਨਹਿ ਬੇਦ ॥ ਬ੍ਰਹਮੇ ਨਹੀ ਜਾਨਹਿ ਭੇਦ ॥**

**ਅਵਤਾਰ ਨ ਜਾਨਹਿ ਅੰਤੁ ॥ ਪਰਮੇਸਰੁ ਪਾਰਬ੍ਰਹਮ ਬੇਅੰਤੁ ॥੧॥**

ਯਥਾ

**ਦੇਵੀਆ ਨਹੀ ਜਾਨੈ ਮਰਮ ॥ ਸਭ ਊਪਰਿ ਅਲਖ ਪਾਰਪ੍ਰਹਮ ॥2 ॥**

(ਰਾਮਕਲੀ, ਮਹਲਾ 5, ਪੰਨਾ (894)

# ਹਉਮੈ

ਆਪਣੇ ਆਪ ਨੂੰ ਵਾਹਿਗੁਰੂ ਤੋਂ ਵੱਖਰਾ ਸਮਝਣਾ, ਆਪਣੀ ਵੱਖਰੀ ਤੇ ਪ੍ਰਭੂ ਤੋਂ ਸੁਤੰਤਰ ਹੋਣ ਦਾ ਅਹਿਸਾਸ-ਇਸ ਨੂੰ ਹਉਮੈ ਆਖਦੇ ਹਨ। ਹਉਮੈ ਨੂੰ ਦੂਰ ਕਰਨ ਨਾਲ ਹੀ ਜੀਵ ਰੂਪੀ ਇਸਤ੍ਰੀ ਤੇ ਪ੍ਰਭੂ ਰੂਪੀ ਪਤੀ ਦਾ ਮਿਲਾਪ ਹੁੰਦਾ ਹੈ। ਗੁਰੂ ਦੇ ਸ਼ਬਦ ਅਨੁਸਾਰ ਜੀਵਨ ਜਿਉਣ ਨਾਲ ਹਉਮੈ ਖ਼ਤਮ ਹੋ ਜਾਂਦੀ ਹੈ :

**ਧਨ ਪਿਰ ਕਾ ਇਕ ਹੀ ਸੰਗਿ ਵਾਸਾ, ਵਿਚਿ ਹਉਮੈ ਭੀਤਿ ਕਰਾਰੀ ॥**

**ਗੁਰਿ ਪੂਰੈ ਹਉਮੈ ਭੀਤਿ ਤੋਰੀ, ਜਨ ਨਾਨਕ ਮਿਲੇ ਬਨਵਾਰੀ ॥**

(ਮਲਾਰ, ਮਹਲਾ 4, ਪੰਨਾ 1263)

ਯਥਾ

**ਹਉਮੈ ਦੀਰਘ ਰੋਗੁ ਹੈ, ਦਾਰੂ ਭੀ ਇਸੁ ਮਾਹਿ ॥**

**ਕਿਰਪਾ ਕਰੇ ਜੇ ਆਪਣੀ, ਤਾ ਗੁਰ ਕਾ ਸਬਦੁ ਕਮਾਹਿ ॥**

**ਨਾਨਕੁ ਕਹੈ ਸੁਣਹੁ ਜਨਹੁ, ਇਤੁ ਸੰਜਮਿ ਦੁਖ ਜਾਹਿ ॥**

(ਆਸਾ ਕੀ ਵਾਰ, ਮਹਲਾ 2, ਪੰਨਾ 466)

# ਮਾਇਆ

ਹਰੇਕ ਐਸੀ ਵਸਤੂ ਜਿਸ ਨਾਲ ਪਿਆਰ ਪਾਉਣ ਕਰਕੇ ਪ੍ਰਭੂ ਵਿਸਰ ਜਾਵੇ, ਸੰਸਾਰਕ ਪਦਾਰਥਾਂ ਨਾਲ ਮੋਹ ਪੈਦਾ ਹੋ ਜਾਵੇ, ਉਹ ਮਾਇਆ ਹੈ :

**ਏਹ ਮਾਇਆ ਜਿਤੁ ਹਰਿ ਵਿਸਰੈ, ਮੋਹੁ ਉਪਜੈ**

**ਭਾਉ ਦੂਜਾ ਲਾਇਆ ॥ (ਰਾਮਕਲੀ, ਮਹਲਾ 3, ਅਨੰਦੁ, ਪੰਨਾ 921)**

**ਇਨਿ੍ ਮਾਇਆ ਜਗਦੀਸ ਗੁਸਾਈ, ਤੁਮ੍ਰੇ ਚਰਨ ਬਿਸਾਰੇ ॥**

**ਕਿੰਚਤ ਪ੍ਰੀਤਿ ਨ ਉਪਜੈ ਜਨ ਕਉ, ਜਨ ਕਹਾ ਕਰਹਿ ਬੇਚਾਰੇ ॥**

(ਬਿਲਾਵਲੁ, ਕਬੀਰ ਜੀ, ਪੰਨਾ 857)

# ਪੰਜ-ਵਿਕਾਰ

ਪੰਜ ਵਿਕਾਰ ਹਨ : ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ। ਇਹ ਮਨੁੱਖ ਅੰਦਰੋਂ ਦੈਵੀ ਤੇ ਨੈਤਿਕ ਗੁਣ ਖ਼ਤਮ ਕਰ ਦਿੰਦੇ ਹਨ, ਮਨੁੱਖ ਨੂੰ ਪਾਪ-ਕਰਮਾਂ ਵਿਚ ਲਾ ਦਿੰਦੇ ਹਨ: ਮਨੁੱਖ ਦੇ ਸਰੀਰ ਨੂੰ ਅੱਤ ਨਿਰਬਲ ਬਣਾ ਦਿੰਦੇ ਹਨ :

**ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ**

**ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥**

**ਅੰਮ੍ਰਿਤੁ ਲੂਟਹਿ, ਮਨਮੁਖ ਨਹੀ ਬੂਝਹਿ, ਕੋਇ ਨ ਸੁਣੈ ਪੂਕਾਰਾ ॥**

(ਸੋਰਠਿ, ਮਹਲਾ 3, ਪੰਨਾ 6●●)

ਯਥਾ

**ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥**

**ਜਿਉ ਕੰਚਨ ਸੋਹਾਗਾ ਢਾਲੈ ॥** (ਓਅੰਕਾਰੁ, ਰਾਮਕਲੀ ਦਖਣੀ, ਪੰਨਾ 932)

# ਮੌਤ

ਮੌਤ ਸਰੀਰ ਤੇ ਆਤਮਾ ਦੇ ਵਿਛੋੜੇ ਨੂੰ ਕਹਿੰਦੇ ਹਨ। ਜਦੋਂ ਆਤਮਾ ਮਨੁੰਖੀ ਸਰੀਰ ਵਿਚੋਂ ਨਿਕਲ ਜਾਂਦੀ ਹੈ ਤਾਂ ਆਖਦੇ ਹਨ, ਮਨੁੰਖ ਦੀ ਮੌਤ ਹੋ ਗਈ ਹੈ, ਮਨੁੰਖ ਮਰ ਗਿਆ ਹੈ। ਅਸਲ ਵਿਚ ਮਰਦੀ ਕੋਈ ਚੀਜ਼ ਨਹੀਂ ਸਗੋਂ ਆਤਮਾ ਇਕ ਸਰੀਰਕ ਚੋਲੇ ਨੂੰ ਤਿਆਗ ਕੇ, ਦੂਸਰੇ ਸਰੀਰਕ-ਚੋਲੇ ਨੂੰ ਧਾਰਨ ਕਰ ਲੈਂਦੀ ਹੈ, ਜਾਂ ਪਰਮਾਤਮਾ ਵਿਚ ਜਾ ਰਲਦੀ ਹੈ। ਇਹ ਵਾਹਿਗੁਰੂ ਦਾ ਅਸਚਰਜ ਕੌਤਕ ਹੈ :

**ਨਹ ਕਿਛੁ ਜਨਮੈ, ਨਹ ਕਿਛੁ ਮਰੈ ॥**

**ਆਪਨ ਚਲਿਤੁ, ਆਪ ਹੀ ਕਰੈ ॥** (ਗਉੜੀ, ਸੁਖਮਨੀ, ਮ: 5, ਪੰਨਾ 281)

**ਪਵਨੈ ਮਹਿ ਪਵਨੁ ਸਮਾਹਿਆ ॥ ਜੋਤੀ ਮਹਿ ਜੋਤਿ ਰਲਿ ਜਾਇਆ ॥**

**ਮਾਟੀ ਮਾਟੀ ਹੋਈ ਏਕ ॥ ਰੋਵਨਹਾਰੇ ਕੀ ਕਵਨ ਟੇਕ ॥**

**ਕਉਨੁ ਮੂਆ ਰੇ, ਕਉਨੁ ਮੂਆ ॥ ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ**

**ਇਹੁ ਤਉ ਚਲਤੁ ਭਇਆ ॥** (ਰਾਮਕਲੀ, ਮਹਲਾ 5, ਪੰਨਾ 885)

## ਸਵੱਰਗ-ਨਰਕ

ਬਹੁਤੇ ਧਰਮਾਂ ਦਾ ਵਿਸ਼ਵਾਸ ਹੈ ਕਿ ਸਵੱਰਗ-ਨਰਕ ਅਜਿਹੀਆਂ ਥਾਵਾਂ ਹਨ, ਜਿਥੇ ਮੌਤ ਮਗਰੋਂ ਜੀਵ (ਸੂਖਮ ਰੂਪ ਵਿਚ) ਜਾਂਦੇ ਹਨ। ਸਵੱਰਗਾਂ ਵਿਚ ਸੁਖ ਤੇ ਨਰਕਾਂ ਵਿਚ ਦੁੱਖ ਮਿਲਦੇ ਹਨ। ਗੁਰਬਾਣੀ ਸਵੱਰਗ-ਨਰਕ ਦੇ ਵਿਚਾਰ ਨੂੰ ਨਹੀਂ ਮੰਨਦੀ, ਸਗੋਂ ਇਸ ਨੂੰ ਪੂਰੀ ਤਰ੍ਹਾਂ ਰੱਦ ਕਰਦੀ ਹੈ। ਗੁਰਮੁਖਾਂ ਲਈ ਪ੍ਰਭੂਵਿਚ ਲੀਨਤਾ ਸਵੱਰਗ ਹੈ ਤੇ ਜਨਮ-ਮਰਨ ਦੇ ਚੱਕਰ ਵਿਚ ਪੈਣਾ ਨਰਕ :

**ਕਵਨੁ ਨਰਕੁ ਕਿਆ ਸੁਰਗੁ ਬਿਚਾਰਾ, ਸੰਤਨ ਦੋਊ ਰਾਦੇ ॥**

**ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪਰਸਾਦੇ ॥** (ਰਾਮਕਲੀ, ਕਬੀਰ ਜੀ, ਪੰਨਾ 969)

## ਆਵਾਗਵਨ

ਮੰਦ-ਕਰਮੀਆਂ ਨੂੰ ਜਨਮ-ਮਰਨ ਦੇ ਗੇੜ ਵਿਚ ਪੈਣਾ ਪੈਂਦਾ ਹੈ, ਜਿਸ ਨੂੰ ਆਵਾਗਵਨ ਕਹਿੰਦੇ ਹਨ। ਜੀਵ-ਆਤਮਾ ਵੱਖ-ਵੱਖ ਜੂਨਾਂ ਵਿਚ, ਕੀਤੇ ਕੁਕਰਮਾਂ ਦਾ ਫ਼ਲ ਭੋਗਦੀ ਹੈ :

**ਸੂਕਰ ਸੁਆਨ ਗਰਧਭ ਮੰਜਾਰਾ ॥ ਪਸੂ ਮਲੇਛ ਨੀਚ ਚੰਡਾਲਾ ॥**

**ਗੁਰ ਤੇ ਮੁਹੁ ਫੇਰੇ, ਤਿਨ੍ ਜੋਨਿ ਭਵਾਈਐ ॥**

**ਬੰਧਨਿ ਬਾਧਿਆ, ਆਈਐ ਜਾਈਐ ॥** (ਬਿਲਾਵਲੁ, ਮਹਲਾ 1, ਪੰਨਾ 832)

## ਜੀਵਨ -ਮੁਕਤੀ

ਜੀਵਨ-ਮੁਕਤੀ ਤੋਂ ਭਾਵ ਹੈ ਸੰਸਾਰ ਵਿਚ ਰਹਿੰਦਿਆਂ ਹੋਇਆਂ ਮਾਇਆ ਅਤੇ ਵਿਕਾਰਾਂ ਦੇ ਪ੍ਰਭਾਵ ਤੋਂ ਮੁਕਤ (ਆਜ਼ਾਦ) ਰਹਿਣਾ ਅਤੇ ਹਰ ਸਮੇਂ ਪ੍ਰਭੂ ਨਾਲ ਜੁੜੇ ਰਹਿਣਾ :

**ਤਜਿ ਅਭਿਮਾਨ ਮੋਹ ਮਾਇਆ, ਫੁਨਿ ਭਜਨ ਰਾਮ ਚਿਤੁ ਲਾਵਉ ॥**

**ਨਾਨਕ ਕਹਤ ਮੁਕਤਿ ਪੰਥ ਇਹੁ, ਗੁਰਮੁਖਿ ਹੋਇ ਤੁਮ ਪਾਵਉ ॥**

(ਗਉੜੀ, ਮਹਲਾ 9, ਪੰਨਾ 219)

**ਪ੍ਰਭ ਕੀ ਆਗਿਆ ਆਤਮ ਹਿਤਾਵੈ ॥**

**ਜੀਵਨ ਮੁਕਤਿ ਸੋਊ ਕਹਾਵੈ ॥** (ਗਉੜੀ, ਸੁਖਮਨੀ, ਮਹਲਾ 5, ਪੰਨਾ 275)

## ਪ੍ਰੇਮ-ਆਪਾ-ਭਾਵ ਦਾ ਤਿਆਗ

ਪ੍ਰੇਮ ਆਪਣੀ ਹਸਤੀ (ਹਉਮੈ-ਭਾਵ) ਨੂੰ ਤਿਆਗ ਕੇ ਹੀ ਕੀਤਾ ਜਾ ਸਕਦਾ ਹੈ। ਪ੍ਰੇਮ ਲਈ ਆਪਾ ਵਾਰਨਾ ਤੇ ਲੋਕ-ਲਾਜ ਦਾ ਤਿਆਗ ਕਰਨਾ ਮੁਢਲੀਆਂ ਲੋੜਾਂ ਹਨ। ਸੱਚੇ ਪ੍ਰੇਮੀ (ਭਗਤ) ਪ੍ਰਭੂ-ਪ੍ਰੀਤਮ ਵਲੋਂ ਮੁੱਖ ਨਹੀਂ ਮੋੜਦੇ, ਸਭ ਰੁਕਾਵਟਾਂ ਦਾ ਮੁਕਾਬਲਾ ਕਰਦਿਆਂ ਹੋਇਆਂ ਪ੍ਰਭੂ-ਮਾਰਗ ਤੇ ਅੱਗੇ ਵਧਦੇ ਰਹਿੰਦੇ ਹਨ :

**ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥**

**ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥** (ਸਲੋਕ, ਮਹਲਾ 1, ਪੰਨਾ 1412)

**ਰਤੇ ਸੇਈ ਜਿ ਮੁਖੁ ਨ ਮੋੜੰਨ੍ਹਿ, ਜਿਨ੍ਹੀ ਸਿਞਾਤਾ ਸਾਈ ॥**

**ਝੜਿ ਝੜਿ ਪਵਦੇ ਕਚੇ ਬਿਰਹੀ, ਜਿਨ੍ਹਾ ਕਾਰਿ ਨ ਆਈ ॥** (ਸਲੋਕ, ਮਹਲਾ 5, ਪੰਨਾ 1425)

## ਚੜ੍ਹਦੀ ਕਲਾ

ਆਪਣੇ ਨਿਸ਼ਾਨੇ ਦੀ ਪ੍ਰਾਪਤੀ ਲਈ ਸੰਘਰਸ਼ਮਈ ਜੀਵਨ ਬਤੀਤ ਕਰਨਾ ਚੜ੍ਹਦੀ ਕਲਾ ਦੀ ਨਿਸ਼ਾਨੀ ਹੈ। ਚੜ੍ਹਦੀ ਕਲਾ ਦੇ ਧਾਰਨੀ, ਇਕ ਪ੍ਰਭੂ ਦੇ ਵਿਸ਼ਵਾਸ ਨਾਲ, ਦੁੱਖਾਂ ਨੂੰ ਸੁੱਖਾਂ, ਹਾਰ ਨੂੰ ਜਿੱਤ, ਬੁਰਾਈ ਨੂੰ ਅੱਛਾਈ, ਗ਼ਮੀ ਨੂੰ ਖ਼ੁਸ਼ੀ ਤੇ ਹਾਨੀ ਨੂੰ ਲਾਭ ਵਿਚ ਬਦਲ ਲੈਂਦੇ ਹਨ। ਉਨ੍ਹਾਂ ਲਈ ਦੁੱਖ, ਬੁਰਾਈ, ਹਾਰ, ਅਫ਼ਸੋਸ, ਨੁਕਸਾਨ ਆਦਿ ਕੋਈ ਅਰਥ ਨਹੀਂ ਰੱਖਦੇ :

**ਦੂਖੁ ਨਾਹੀ, ਸਭੁ ਸੁਖੁ ਹੀ ਹੈ ਰੇ, ਏਕੈ ਏਕੀ ਨੇਤੈ ॥**

**ਬੁਰਾ ਨਹੀ, ਸਭੁ ਭਲਾ ਹੀ ਹੈ ਰੇ, ਹਾਰ ਨਹੀ ਸਭ ਜੇਤੈ ॥੧॥**

**ਸੋਗੁ ਨਾਹੀ, ਸਦਾ ਹਰਖੀ ਹੈ ਰੇ, ਛੋਡਿ ਨਾਹੀ ਕਿਛੁ ਲੇਤੈ ॥**(ਕਾਨੜਾ, ਮਹਲਾ 5, ਪੰਨਾ 1302)

## ਸਹਿਜ ਅਵੱਸਥਾ

ਸਹਿਜ ਅਵੱਸਥਾ 'ਆਤਮਕ ਅਡੋਲਤਾ ਦੀ ਅਵੱਸਥਾ' ਹੈ। ਇਸ ਉੱਚੀ ਆਤਮਕ ਅਵੱਸਥਾ 'ਤੇ ਪੁੱਜੇ ਹੋਏ ਮਨੁੱਖ ਦੇ ਮਨ ਉੱਤੇ ਦੁੱਖ-ਸੁਖ, ਮਾਨ-ਅਪਮਾਨ, ਉਸਤਤਿ-ਨਿੰਦਿਆ, ਹਰਖ-ਸੋਗ ਕੋਈ ਅਸਰ ਨਹੀਂ ਪਾਉਂਦੇ। ਉਹ ਪ੍ਰਭੂ ਨਾਲ ਨਿਰੰਤਰ ਜੁੜਿਆ ਰਹਿੰਦਾ ਹੈ। ਇਸ ਅਵੱਸਥਾ 'ਤੇ ਗੁਰੂ ਦੀ ਕਿਰਪਾ ਨਾਲ ਪੁੱਜੀਦਾ ਹੈ :

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥

ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥੧ ॥ਰਹਾਉ ॥

ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥

ਹਰਖ ਸੋਗ ਤੇ ਰਹੈ ਨਿਆਰਉ, ਨਾਹਿ ਮਾਨ ਅਪਮਾਨਾ ॥੧ ॥

ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥

ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ, ਤਿਹ ਘਟਿ ਬ੍ਰਹਮੁ ਨਿਵਾਸਾ ॥2 ॥

ਗੁਰ ਕਿਰਪਾ ਜਿਹ ਨਰ ਕਉ ਕੀਨੀ, ਤਿਹ ਇਹ ਜੁਗਤਿ ਪਛਾਨੀ ॥

ਨਾਨਕ ਲੀਨ ਭਇਓ ਗੋਬਿੰਦ ਸਿਉ, ਜਿਉ ਪਾਨੀ ਸੰਗਿ ਪਾਨੀ ॥3 ॥

(ਸੋਰਠਿ, ਮਹਲਾ 9, ਪੰਨਾ 633)

## ਚਉਥਾ ਪਦ

ਚਉਥੇ (ਚੌਥੇ) ਪਦ ਦਾ ਅਰਥ ਹੈ : ਮਾਇਆ ਤੇ ਤਿੰਨ ਗੁਣਾਂ ਰਜ (ਹੰਕਾਰ ਤੇ ਸੰਸਾਰਕ ਸੁਖਾਂ ਦੀ ਇੱਛਾ ਵਾਲਾ ਸੁਭਾਅ), ਤਮ (ਅਗਿਆਨਤਾ, ਕ੍ਰੋਧ, ਚਿੰਤਾ ਵਾਲਾ ਸੁਭਾਅ) ਅਤੇ ਸਤ (ਸ਼ਾਂਤੀ), ਦਇਆ, ਪ੍ਰਸੰਨਤਾ ਵਾਲਾ ਸੁਭਾਅ) ਤੋਂ ਉਪਰਲੀ ਅਵੱਸਥਾ । ਇਸ ਅਵੱਸਥਾ ’ਤੇ ਪੁੱਜੇ ਹੋਏ ਜੀਵ ਤੇ ਵਿਕਾਰਾਂ, ਦੁੱਖ-ਸੁਖ, ਮਾਇਕ ਤ੍ਰਿਸ਼ਨਾ ਆਦਿ ਦਾ ਕੋਈ ਪ੍ਰਭਾਵ ਨਹੀਂ ਪੈਂਦਾ, ਉਹ ਪ੍ਰਭੂਚਰਨਾਂ ਨਾਲ ਜੁੜਿਆ ਰਹਿੰਦਾ ਹੈ :

ਰਜ ਗੁਣ, ਤਮ ਗੁਣ, ਸਤ ਗੁਣ ਕਹੀਐ, ਇਹ ਤੇਰੀ ਸਭ ਮਾਇਆ ॥

ਚਉਥੇ ਪਦ ਕਉ ਜੋ ਨਰੁ ਚੀਨੈ, ਤਿਨ੍ ਹੀ ਧਰਮ ਪਦੁ ਪਾਇਆ ॥

(ਕੇਦਾਰਾ, ਕਬੀਰ ਜੀ, ਪੰਨਾ 1123)

ਯਥਾ

ਤ੍ਰੈ ਗੁਣ ਵਰਤਹਿ ਸਗਲ ਸੰਸਾਰਾ, ਹਉਮੈ ਵਿਚਿ ਪਤਿ ਖੋਈ ॥

ਗੁਰਮੁਖਿ ਹੋਵੈ, ਚਉਥਾ ਪਦੁ ਚੀਨੈ, ਰਾਮ ਨਾਮਿ ਸੁਖੁ ਹੋਈ ॥ (ਸੋਰਠਿ, ਮਹਲਾ 3, ਪੰਨਾ 6●4)

ਚੌਥੇ ਪਦ ਲਈ ਗੁਰਬਾਣੀ ਵਿਚ ਤੁਰੀਆ ਪਦ, ਪਰਮ-ਪਦ, ਸਹਿਜ ਪਦ, ਨਿਰਬਾਣ ਪਦ ਅਤੇ ਅਭੈ ਪਦ ਆਦਿ ਸ਼ਬਦ ਵੀ ਵਰਤੇ ਗਏ ਹਨ।

## ਅਨਹਤ (ਅਨਾਹਦ) ਸ਼ਬਦ

ਅਨਹਤ (ਅਨਹਦ ਜਾਂ ਅਨਾਹਦ) ਸ਼ਬਦ ਯੋਗ-ਮਤ ਤੋਂ ਆਇਆ ਹੈ। ਯੋਗ-ਮਤ ਅਨੁਸਾਰ ਸਰੀਰ ਵਿਚ ਛੇ ਚੱਕਰ ਮੰਨੇ ਗਏ ਹਨ : ਮੂਲਾਧਾਰ, ਸ੍ਵਾਧਿਸ਼ਠਾਨ, ਮਣਿਪੂਰ, ਅਨਾਹਤ, ਵਿਸ਼ੁੱਧ ਤੇ ਆਗਿਆ ਚੱਕਰ। ਸਰੀਰ ਦੇ ਹੇਠਲੇ ਭਾਗ ਵਿਚ ਮੂਲਾਧਾਰ ਚੱਕਰ ਹੈ ਤੇ ਇਸ ਦੇ ਨਾਲ ਕੁੰਡਲਨੀ (ਸਰਪ ਸ਼ਕਤੀ) ਮੰਨੀ ਗਈ ਹੈ। ਯੋਗੀ ਪ੍ਰਾਣਾਯਾਮ ਦੁਆਰ ‘ਕੁੰਡਲਨੀ’ ਜਗਾਉਂਦਾ ਹੈ: ਉਸ ਵਿਚ ਉਭਾਰ ਆਉਣ ਸਮੇਂ ਪ੍ਰਾਣ ਇਕ ਇਕ ਕਰਕੇ ਚੱਕਰਾਂ ਨੂੰ ਵਿੰਨ੍ਹਦਾ ਹੈ। ‘ਅਨਾਹਤ ਚੱਕਰ’ ਨੂੰ ਵਿੰਨ੍ਹਣ ਸਮੇਂ ਜੋ ਸ਼ਬਦ (ਆਵਾਜ਼) ਪੈਦਾ ਹੁੰਦਾ ਹੈ (ਪੰਜ ਸਾਜ਼ਾਂ ਦੀ ਮਿਲਵੀਂ ਆਵਾਜ਼) ਉਸਨੂੰ ਅਨਹਤ (ਅਨਾਹਦ) ਸ਼ਬਦ ਆਖਦੇ ਹਨ। ਯੋਗੀ ਚਿੱਤ (ਮਨ) ਦੀਆਂ ਬ੍ਰਿਤੀਆਂ (ਮਨੋਭਾਵਾਂ) ਨੂੰ ਰੋਕਣ ਲਈ ਅਨਹਤ ਸ਼ਬਦ ਸੁਣਦਾ ਹੈ, ਇਸ ’ਤੇ ਧਿਆਨ ਟਿਕਾਉਂਦਾ ਹੈ। (ਯੋਗੀ ਲਈ ਪਰਮਾਤਮਾ ਕੋਈ ਅਰਥ ਨਹੀਂ ਰੱਖਦਾ)।

ਗੁਰਮਤਿ ਵਿਚ ਗੁਰ-ਸ਼ਬਦ ਵਿਚ ਧਿਆਨ ਜੋੜ ਕੇ, ਨਾਮ ਰਸ ਪ੍ਰਾਪਤ ਕਰਨ ਤੇ ਨਾਮ ਰਸ ਦਾ ਲਗਾਤਾਰ ਅਨੰਦ ਪ੍ਰਾਪਤ ਕਰਨ ਨੂੰ ਅਨਾਹਦ ਸ਼ਬਦ (ਜਾਂ ਪੰਜ-ਸ਼ਬਦਾਂ ਦੀ ਆਵਾਜ਼) ਸੁਣਨਾ ਕਿਹਾ ਗਿਆ ਹੈ :

**ਨਉ ਨਿਧਿ ਅੰਮ੍ਰਿਤ ਪ੍ਰਭ ਕਾ ਨਾਮੁ ॥ ਦੇਹੀ ਮਹਿ ਇਸ ਕਾ ਬਿਸ੍ਰਾਮੁ ॥**

**ਸੁੰਨ ਸਮਾਧਿ ਅਨਹਤ ਤਹ ਨਾਦ ॥ ਕਹਨੁ ਨ ਜਾਈ ਅਚਰਜ ਬਿਸਮਾਦ ॥**

(ਗਉੜੀ, ਸੁਖਮਨੀ, ਮਹਲਾ 5, ਪੰਨਾ 293)

ਯਥਾ

**ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ॥**

**ਘਰਿ ਸਭਾਗੈ, ਸਬਦ ਵਾਜੇ, ਕਲਾ ਜਿਤੁ ਘਰਿ ਧਾਰੀਆ ॥**

(ਰਾਮਕਲੀ, ਮਹਲਾ 3, ਅਨੰਦ, ਪੰਨਾ 917)

## ਗਿਆਨ

ਅਧਿਆਤਮਕ ਖੇਤਰ ਵਿਚ ਗਿਆਨ ਦਾ ਅਰਕ ਹੈ-ਆਤਮਕ ਸੂਝ, ਸਤਿ (ਪ੍ਰਭੂ) ਦਾ ਗਿਆਨ। ਸਤਿ ਦਾ ਗਿਆਨ ਸਾਰੇ ਭਰਮ-ਗੜ੍ਹ ਤੋੜ ਦਿੰਦਾ ਹੈ, ਜੀਵਨ-ਮਾਰਗ ਨੂੰ ਰੁਸ਼ਨਾਉਂਦਾ ਹੈ ਤੇ ਧਰਮ-ਅਨੰਦ ਦੀ ਪ੍ਰਾਪਤੀ ਦਾ ਵਸੀਲਾ ਬਣਦਾ ਹੈ :

**ਗੁਰ ਤੇ ਗਿਆਨੁ ਪਾਇਆ, ਅਤਿ ਖੜਗੁ ਕਰਾਰਾ ॥**

**ਦੂਜਾ ਭ੍ਰਮੁ ਗੜੁ ਕਟਿਆ, ਮੋਹੁ ਲੋਭੁ ਅਹੰਕਾਰਾ ॥**

(ਮਾਰੂ ਕੀ ਵਾਰ, ਮਹਲਾ 3, ਪੰਨਾ 1087)

ਯਥਾ

**ਦੇਖੌ ਭਾਈ ਗ੍ਹਾਨ ਕੀ ਆਈ ਆਂਧੀ ॥**

**ਸਭੈ ਉਡਾਨੀ ਭ੍ਰਮ ਕੀ ਟਾਟੀ, ਰਹੈ ਨ ਮਾਇਆ ਬਾਂਧੀ ॥੧॥ਰਹਾਉ ॥**

**ਦੁਚਿਤੇ ਕੀ ਦੁਇ ਥੂਨਿ ਗਿਰਾਨੀ, ਮੋਹ ਬਲੇਡਾ ਟੂਟਾ ॥**

**ਤਿਸਨਾ ਛਾਨਿ ਪਰੀ ਧਰ ਊਪਰਿ, ਦੁਰਮਤਿ ਭਾਂਡਾ ਫੂਟਾ ॥੧॥**

**ਆਂਧੀ ਪਾਛੇ ਜੋ ਜਲੁ ਬਰਖੈ, ਤਿਹਿ ਤੇਰਾ ਜਨੁ ਭੀਨਾਂ ॥**

**ਕਹਿ ਕਬੀਰ ਮਨਿ ਭਇਆ ਪ੍ਰਗਾਸਾ, ਉਦੈ ਭਾਨੁ ਜਬ ਚੀਨਾ ॥**

(ਗਉੜੀ, ਕਬੀਰ ਜੀ, ਪੰਨਾ 331)

(ਪਦ ਅਰਥ : ਗ੍ਹਾਨ-ਗਿਆਨ। ਆਂਧੀ-ਹਨੇਰੀ। ਟਾਟੀ-ਛੱਪਰ। ਮਾਇਆ ਬਾਂਧੀ-ਮਾਇਆ ਦੇ ਆਸਰੇ ਬੱਝੀ (ਖੜ੍ਹੀ) ਹੋਈ। ਦੁਇ - ਦਵੈਤ, ਪ੍ਰਭੂ ਤੋਂ ਬਿਨਾਂ ਕਿਸੇ ਹੋਰ ਦਾ ਆਸਰਾ ਤੱਕਣਾ। ਥੂਨਿ-ਥੰਮ੍ਹੀ। ਬਲੇਡਾ-ਵੱਲਾ । ਛਾਨਿ-ਛੱਪਰ, ਕੁੱਲੀ। ਭੀਨਾਂ-ਭਿੱਜ ਗਿਆ। ਉਦੈ-ਚੜ੍ਹਿਆ ਹੋਇਆ। ਚੀਨਾ-ਵੇਖ ਲਿਆ।)

## ਦੁੱਖ-ਸੁਖ

ਦੁੱਖ ਤੇ ਸੁਖ ਪ੍ਰਭੂ ਦੀਆਂ ਦਾਤਾਂ ਹਨ, ਜੋ ਮਨੁੱਖ ਦੀ ਸ਼ਖ਼ਸੀਅਤ ਦੀ ਘਾੜਤ ਘੜਨ ਲਈ ਬਹੁਤ ਜ਼ਰੂਰੀ ਹਨ। ਜਿਵੇਂ ਮਨੁੱਖ ਕੱਪੜੇ ਬਦਲਦਾ ਹੈ, ਤਿਵੇਂ ਹੀ ਉਹ ਦੁੱਖ ਤੇ ਸੁਖ ਹੰਢਾਉਂਦਾ ਹੈ। 'ਦੁੱਖ' ਸੁਖਾਂ ਦਾ ਕਾਰਨ ਬਣਦੇ ਹਨ ਅਤੇ ਸੁਖਾਂ ਤੋਂ ਦੁੱਖ ਉਪਜਦੇ ਹਨ:

**ਸੁਖੁ ਦੁਖੁ ਦੁਇ ਦਰਿ ਕਪੜੇ, ਪਹਿਰਹਿ ਜਾਇ ਮਨੁਖ ॥** (ਵਾਰ ਮਾਝ, ਮਹਲਾ 1 ਪੰਨਾ 149)

ਯਥਾ

**ਭਾਣਾ ਮੰਨੇ ਸਦਾ ਸੁਖੁ ਹੋਇ ॥** (ਆਸਾ, ਮਹਲਾ 3, ਪੰਨਾ 364)

ਯਥਾ

**ਸੁਖੁ ਦੁਖੁ ਤੇਰੀ ਆਗਿਆ ਪਿਆਰੇ, ਦੂਜੀ ਨਾਹੀ ਜਾਇ ॥** (ਆਸਾ, ਮਹਲਾ 5, ਪੰਨਾ 432)

ਯਥਾ

**ਦੂਖਾ ਤੇ ਸੁਖ ਊਪਜਹਿ, ਸੂਖੀ ਹੋਵਹਿ ਦੂਖ ॥** (ਪ੍ਰਭਾਤੀ, ਮਹਲਾ 1 ਪੰਨਾ 1328)

## ਸੰਤ-ਸਾਧ

ਜੋ ਵਿਕਾਰ-ਰਹਿਤ ਹੋ ਗਏ ਹਨ, ਜਿਨ੍ਹਾਂ ਨੇ ਆਪਣੇ ਮਨ ਨੂੰ ਸਾਧ ਲਿਆ ਹੈ ਅਤੇ ਜੋ ਪ੍ਰਭੂ ਦੇ ਪਿਆਰ ਤੇ ਨਾਮ ਦੀ ਰੰਗਣ ਵਿਚ ਰੰਗੇ ਗਏ ਹਨ, ਉਹ ਸੰਤ ਹਨ:

**ਜਿਨਾ ਸਾਸਿ ਗਿਰਾਸਿ ਨ ਵਿਸਰੈ, ਹਰਿ ਨਾਮਾਂ ਮਨਿ ਮੰਤੁ ॥**

**ਧੰਨੁ ਸਿ ਸੇਈ ਨਾਨਕਾ, ਪੂਰਨੁ ਸੋਈ ਸੰਤੁ ॥** (ਗਉੜੀ ਕੀ ਵਾਰ, ਮਹਲਾ 4, ਪੰਨਾ 319)

ਯਥਾ

**ਦੂਖ ਰੋਗ ਬਿਨਸੇ ਭੈ ਭਰਮ ॥**

**ਸਾਧ ਨਾਮ ਨਿਰਮਲ ਤਾ ਕੇ ਕਰਮ ॥** (ਗਉੜੀ, ਸੁਖਮਨੀ, ਮਹਲਾ 5, ਪੰਨਾ 296)

**ਹਉ ਬਲਿਹਾਰੀ ਸੰਤਨ ਤੇਰੇ, ਜਿਨਿ ਕਾਮੁ ਕ੍ਰੋਧੁ ਲੋਭੁ ਪੀਠਾ ਜੀਉ ॥3॥**

**ਤੂੰ ਨਿਰਵੈਰੁ ਸੰਤ ਤੇਰੇ ਨਿਰਮਲ ॥ ਜਿਨ ਦੇਖੇ ਸਭ ਉਤਰਹਿ ਕਲਮਲ ॥**

(ਮਾਝ, ਮਹਲਾ 5, ਪੰਨਾ 108)

## ਪ੍ਰਚਾਰਕ

ਉਹੀ ਮਨੁੱਖ ਧਰਮ-ਪ੍ਰਚਾਰਕ ਹੋ ਸਕਦਾ ਹੈ ਜਿਹੜਾ ਪਹਿਲਾਂ ਸਤਿਗੁਰੂ ਦੇ ਉਪਦੇਸ਼ ਨਾਲ ਆਪਣੇ ਮਨ ਨੂੰ ਗਿਆਨਵਾਨ ਬਣਾਉਂਦਾ ਹੈ, ਉਪਦੇਸ਼ ਦੀ ਕਮਾਈ ਕਰਦਾ ਹੈ ਤੇ ਫਿਰ ਪ੍ਰਚਾਰ ਕਰਦਾ ਹੈ:

**ਪ੍ਰਥਮੇ ਮਨੁ ਪਰਬੋਧੈ ਅਪਨਾ, ਪਾਛੈ ਅਵਰ ਰੀਝਾਵੈ ॥**

**ਰਾਮ ਨਾਮ ਜਪੁ ਹਿਰਦੈ ਜਾਪੈ, ਮੁਖ ਤੇ ਸਗਲ ਸੁਨਾਵੈ ॥**

(ਆਸਾ, ਮਹਲਾ 5, ਪੰਨਾ 381)

ਯਥਾ

**ਜਿਸ ਦੈ ਅੰਦਰਿ ਸਚੁ ਹੈ, ਸੋ ਸਚਾ ਨਾਮੁ ਮੁਖਿ ਸਚੁ ਅਲਾਏ ॥**

**ਓਹੁ ਹਰਿ ਮਾਰਗਿ ਆਪਿ ਚਲਦਾ, ਹੋਰਨਾ ਨੋ ਹਰਿ ਮਾਰਗਿ ਪਾਏ ॥**

(ਮਾਝ ਕੀ ਵਾਰ, ਮਹਲਾ 4, ਪੰਨਾ 140)

## ਸੂਰਮਾ

ਜਿਹੜਾ ਮਨੁੱਖ ਗ਼ਰੀਬਾਂ ਨੂੰ ਅੱਤਿਆਚਾਰਾਂ ਤੋਂ ਬਚਾਉਣ ਲਈ ਲੜਦਾ ਹੈ, ਜਾਨ ਵਾਰ ਦਿੰਦਾ ਹੈ, ਉਹ ਸੂਰਮਾ ਹੈ :

**ਸੂਰਾ ਸੋ ਪਹਿਚਾਨੀਐ, ਜੁ ਲਰੈ ਦੀਨ ਕੇ ਹੇਤ ॥**

**ਪੁਰਜਾ ਪੁਰਜਾ ਕਟਿ ਮਰੈ, ਕਬਹੂ ਨ ਛਾਡੈ ਖੇਤੁ ॥** (ਮਾਰੂ, ਕਬੀਰ ਜੀ, ਪੰਨਾ 1105)

ਅੱਜ ਦੇ ਸਮੇਂ ਵਿਚ (ਜਦੋਂ ਵਿਕਾਰਾਂ, ਮੰਦੇ ਵਿਚਾਰਾ, ਤੇ ਮੰਦੇ ਕੰਮਾਂ ਦਾ ਜ਼ੋਰ ਹੈ) ਜਿਹੜਾ ਮਨੁੱਖ ਪ੍ਰਭੂ ਦੇ ਨਾਮ ਦੀ ਰੰਗਣ ਵਿਚ ਰੰਗਿਆ ਜਾਂਦਾ ਹੈ, ਉਹ ਵੀ ਸੂਰਮਾ ਹੈ :

**ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ**

**ਸੋ ਕਹੀਅਤ ਹੈ ਸੂਰਾ ॥** (ਧਨਾਸਰੀ, ਮਹਲਾ 5, ਪੰਨਾ 679 )

## ਕਰਮ-ਕਾਂਡ

ਵੇਦ ਆਦਿਕ ਗ੍ਰੰਥਾਂ ਦੇ ਜਿਸ ਭਾਗ ਵਿਚ ਯੱਗ, ਸਰਾਧ, ਵਰਤ, ਦਾਨ ਆਦਿਕ ਕਰਮ ਕਰਨ ਦੀਆਂ ਵਿਧੀਆਂ ਦੱਸੀਆਂ ਗਈਆਂ ਹਨ, ਉਨ੍ਹਾਂ ਨੂੰ ਕਰਮ-ਕਾਂਡ ਕਹਿੰਦੇ ਹਨ। ਪੁਜਾਰੀ ਵਰਗ ਨੇ ਆਪਣੇ ਲਾਭ ਲਈ ਅਜਿਹੇ ਕਥਿਤ ਧਾਰਮਿਕ-ਕਰਮਾਂ ਨੂੰ ਵਧੇਰੇ ਪ੍ਰਚਲਿਤ ਕੀਤਾ ਹੈ। ਗੁਰਬਾਣੀ ਅਨੁਸਾਰ ਯੱਗ, ਵਰਤ ਸਰਾਧ, ਪੁਜਾਰੀਆਂ ਨੂੰ ਦਾਨ, ਵਿਖਾਵੇ ਦੇ ਪਾਠ, ਤੀਰਥ-ਯਾਤਰਾ ਆਦਿਕ ਕਰਮ ਵਿਅਰਥ ਅਥਵਾ ਫੋਕਟ ਕਰਮ ਹਨ। ਕੇਵਲ ਪ੍ਰਭੂ ਦੀ ਕੀਰਤੀ ਅਥਵਾ ਨਾਮ ਸਿਮਰਨ ਹੀ ਵਿਕਾਰਾਂ ਤੋਂ ਬਚਣ ਤੇ ਪ੍ਰਭੂ ਨਾਲ ਜੁੜਨ ਦਾ ਧਾਰਮਿਕ-ਕਰਮ ਹੈ:

**ਕਰਮ ਧਰਮ ਪਾਖੰਡ ਜੋ ਦੀਸਹਿ, ਤਿਨ ਜਮੁ ਜਾਗਾਤੀ ਲੂਟੈ ॥**

**ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ, ਨਿਮਖ ਸਿਮਰਤ ਜਿਤੁ ਛੂਟੈ ॥**

(ਸੂਹੀ, ਮਹਲਾ 5, ਪੰਨਾ 747)

ਯਥਾ

**ਖਟੁ ਸਾਸਤ ਬਿਚਰਤ ਮੁਖਿ ਗਿਆਨਾ ॥**

**ਪੂਜਾ ਤਿਲਕੁ ਤੀਰਥ ਇਸਨਾਨਾ ॥**

**ਨਿਵਲੀ ਕਰਮ, ਆਸਨ ਚਉਰਾਸੀਹ**

**ਇਨ ਮਹਿ ਸਾਂਤਿ ਨ ਆਵੈ ਜੀਉ ॥2 ॥**

**ਅਨਿਕ ਬਰਖ ਕੀਏ ਜਪ ਤਾਪਾ ॥**

**ਗਵਨੁ ਕੀਆ ਧਰਤੀ ਭਰਮਾਤਾ ॥**

**ਇਕੁ ਖਿਨੁ ਹਿਰਦੈ ਸਾਂਤਿ ਨ ਆਵੈ**

ਯਥਾ

**ਜੋਗੀ ਬਹੁੜਿ ਬਹੁੜਿ ਉਠਿ ਧਾਵੈ ਜੀਉ ॥3 ॥ (ਮਾਝ, ਮ: 5, ਪੰਨਾ 98)**

**ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥**

**ਹਾਰਿ ਪਰਿਓ ਸੁਆਸੀ ਕੈ ਦੁਆਰੈ, ਦੀਜੈ ਬੁਧਿ ਬਿਬੇਕਾ ॥ਰਹਾਉ ॥**

(ਸੋਰਠਿ, ਮਹਲਾ 5, ਪੰਨਾ 641)

**(ੳ) ਤੀਰਥਾਂ ਤੇ ਇਸ਼ਨਾਨ**

ਸਤਿਗੁਰਾਂ ਨੇ ਤੀਰਥ-ਯਾਤਰਾ ਤੇ ਤੀਰਥ-ਇਸ਼ਨਾਨ ਦਾ ਵਿਰੋਧ ਕਰਦਿਆਂ ਸ਼ਬਦ-ਵਿਚਾਰ, ਪ੍ਰਭੂ-ਨਾਮ ਜਪਣ ਅਤੇ ਸਾਧ-ਸੰਗਤ ਕਰਨ ਨੂੰ ਹੀ ਤੀਰਥ-ਇਸ਼ਨਾਨ ਕਰਨਾ ਮੰਨਿਆ ਹੈ :

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥

ਤੀਰਥੁ ਸਬਦ ਬੀਚਾਰੁ, ਅੰਤਰਿ ਗਿਆਨੁ ਹੈ ॥ (ਧਨਾਸਰੀ, ਮਹਲਾ 1, ਪੰਨਾ 687)

**(ਅ) ਵਰਤ ਰੱਖਣਾ**

ਵਰਤ ਰੱਖਣ ਦੀ ਥਾਂ ਉੱਤੇ ਮਨ ਵਿਚ ਸੰਤੋਖ ਧਾਰਨ ਕਰਨਾ, ਸਭ ਜੀਵਾਂ ਨਾਲ ਦਇਆ-ਪਿਆਰ ਵਾਲਾ ਸਲੂਕ ਕਰਨਾ ਆਦਿਕ ਗੁਣਾਂ ਨੂੰ ਮਨ ਵਿਚ ਧਾਰਨ ਕਰਨਾ ਹੀ ਅਸਲੀ ਵਰਤ ਹੈ :

**ਮਨਿ ਸੰਤੋਖੁ ਸਰਬ ਜੀਅ ਦਇਆ॥**

**ਇਨ ਬਿਧਿ ਬਰਤੁ ਸੰਪੂਰਨ ਭਇਆ॥** (ਗਉੜੀ, ਮਹਲਾ 5, ਪੰਨਾ 299)

### (ੲ) ਦੇਵ - ਪੂਜਾ

ਬ੍ਰਾਹਮਣਾਂ ਨੇ ਅਨੇਕਾਂ ਦੇਵੀ-ਦੇਵਤਿਆਂ ਦੀ ਪੂਜਾ ਲਈ ਕਈ ਵਿਧੀਆਂ ਨਿਰਧਾਰਿਤ ਕਰ ਰੱਖੀਆਂ ਸਨ। ਸਤਿਗੁਰਾਂ ਨੇ ਕੇਵਲ ਇਕ ਅਕਾਲ ਪੁਰਖ ਦੀ ਪੂਜਾ ਹੀ ਜਾਇਜ਼ ਦੱਸੀ ਹੈ। ਅਕਾਲ ਪੁਰਖ ਦੀ ਪੂਜਾ ਉਸਦਾ ਨਾਮ ਸਿਮਰਨ ਕਰਨਾ ਹੈ, ਉਸਦੀ ਸਿਫ਼ਤ -ਸਲਾਹ ਕਰਨਾ ਹੈ:

**ਪੂਜਾ ਕੀਚੈ, ਨਾਮੁ ਧਿਆਈਐ ॥**

**ਬਿਨੁ ਨਾਵੈ ਪੂਜ ਨ ਹੋਈ ॥** (ਗੂਜਰੀ, ਮਹਲਾ 1, ਪੰਨਾ 489)

### (ਸ) ਦਾਨ-ਪੁੰਨ

ਆਪਣੀ ਵਸਤੂਜਾਂ ਧਨ ਕਿਸੇ ਲੋੜਵੰਦ ਨੂੰ ਬਿਨਾਂ ਕਿਸੇ ਇਵਜ਼ ਦੇ ਦੇਣ ਨੂੰ 'ਦਾਨ' ਕਹਿੰਦੇ ਹਨ, ਪਰ ਪੁਜਾਰੀ ਵਰਗ ਵੱਖ-ਵੱਖ ਸੰਸਕਾਰਾਂ, ਧਾਰਮਿਕ ਸਮਾਗਮਾਂ, ਯੱਗਾਂ, ਪੂਜਾ-ਪਾਠ ਸਮੇਂ ਮਿਲਦੀ ਮਾਇਆ ਨੂੰ ਹੀ 'ਦਾਨ' ਕਹਿੰਦਾ ਆਇਆ ਹੈ। ਗੁਰਮਤਿ ਨੇ ਐਸੇ ਦਾਨ ਦਾ ਵਿਰੋਧ ਕੀਤਾ ਹੈ । ਦਾਨ ਕਰਨ ਵਾਲਾ (ਦਾਨੀ) ਕੇਵਲ ਪ੍ਰਭੂਹੀ ਹੈ, ਮਨੁੱਖ ਨਹੀਂ। ਗੁਰਮਤਿ ਦਾਨ ਦੀ ਥਾਂ ਗ਼ਰੀਬਾਂ ਤੇ ਲੋੜਵੰਦਾਂ ਦੀ 'ਸੇਵਾ' ਕਰਨ ਦਾ ਉਪਦੇਸ਼ ਦਿੰਦੀ ਹੈ :

**ਸਭਨਾ ਜੀਆ ਕਾ ਇਕੁ ਦਾਤਾ, ਸੋ ਮੈ ਵਿਸਰਿ ਨ ਜਾਈ ॥** (ਜਪੁ ਜੀ, ਪਾਉੜੀ 5)

ਯਥਾ

**ਅਸੁ ਦਾਨ, ਗਜ ਦਾਨ, ਸਿਹਜਾ ਨਾਰੀ, ਭੂਮਿ ਦਾਨ**

**ਐਸੋ ਦਾਨੁ ਨਿਤ ਨਿਤਹਿ ਕੀਜੈ ॥**

**ਆਤਮ ਜਉ ਨਿਰਮਾਇਲੁ ਕੀਜੈ, ਆਪ ਬਰਾਬਰਿ ਕੰਚਨੁ ਦੀਜੈ**

**ਰਾਮ ਨਾਮ ਸਰਿ ਤਊ ਨ ਪੂਜੈ ॥** (ਰਾਮਕਲੀ, ਨਾਮਦੇਵ ਜੀ, ਪੰਨਾ 973)

ਯਥਾ

**ਘਾਲਿ ਖਾਇ, ਕਿਛੁ ਹਥਹੁ ਦੇਇ ॥**

**ਨਾਨਕ ਰਾਹੁ ਪਛਾਣਹਿ ਸੇਇ ॥** (ਸਾਰਗ ਕੀ ਵਾਰ, ਮਹਲਾ 1, ਪੰਨਾ 1285)

'ਪੁਨ' ਦਾ ਅਰਥ ਹੈ ਭਲਾ ਜਾਂ ਚੰਗਾ । ਪਰ, ਪੁਜਾਰੀਆਂ ਨੇ ਅਖੌਤੀ ਧਰਮ-ਕਰਮਾਂ (ਕਰਮ-ਕਾਂਡ) ਕਰਨ ਨੂੰ ਹੀ 'ਪੁੰਨ' ਦਾ ਨਾਮ ਦਿੱਤਾ ਸੀ, ਜਿਸ ਵਿਚ ਉਨ੍ਹਾਂ ਦਾ ਆਪਣਾ ਭਲਾ ਸੀ। ਸਤਿਗੁਰਾਂ ਨੇ ਪ੍ਰਭੂ ਨਾਮ ਜਪਣ, ਤੇ ਸੇਵਾ ਨੂੰ ਹੀ ਪੁੰਨ-ਕਰਮ ਮੰਨਿਆ ਹੈ:

**ਕਲਿ ਮਹਿ ਏਹੋ ਪੁੰਨੁ, ਗੁਣ ਗੋਵਿੰਦ ਗਾਹਿ ॥**

(ਰਾਮਕਲੀ ਕੀ ਵਾਰ, ਮਹਲਾ 5, ਪੰਨਾ 962)

**ਕਿਛੁ ਪੁੰਨ ਦਾਨ, ਅਨੇਕ ਕਰਣੀ, ਨਾਮ ਤੁਲਿ ਨ ਸਮਸਰੇ ॥**

(ਵਡਹੰਸੁ, ਮਹਲਾ 1, ਪੰਨਾ 566)

**(ਹ) ਜਪ - ਤਪ**

ਕਿਸੇ ਮੰਤਰ ਜਾਂ ਲਫ਼ਜ਼ ਦਾ ਬਾਰ-ਬਾਰ ਰਟਨ ਕਰਨ ਨੂੰ 'ਜਪ' ਅਤੇ ਮਨ ਨੂੰ ਵਸ ਵਿਚ ਕਰਲ ਲਈ ਸਰੀਰ ਨੂੰ ਕਈ ਤਰ੍ਹਾਂ ਦੇ ਕਸ਼ਟ ਦੇਵ ਵਾਲੇ ਕਰਮਾਂ ਦਾ ਨਾਮ 'ਤਪ' ਹੈ। ਗੁਰਬਾਣੀ ਵਿਚ ਪ੍ਰਭੂ ਦੇ ਨਾਮ ਸਿਮਰਨ ਅਤੇ ਗੁਰੂ ਦੀ ਸਿਖਿਆ 'ਤੇ ਚਲਣ ਨੂੰ ਅਥਵਾ ਸ਼ਬਦ-ਵਿਚਾਰ ਨੂੰ ਜਪ-ਤਪ ਮੰਨਿਆ ਗਿਆ ਹੈ:

**ਜਪੁ ਤਪੁ ਸੰਜਮੁ, ਨਾਮੁ ਪਿਆਰਾ ॥**

**ਕਿਲਵਿਖ ਕਾਟੇ ਕਾਟਣਹਾਰਾ ॥** (ਮਾਰੂ, ਮਹਲਾ 3, ਪੰਨਾ 1●62)

**ਜਪੁ ਤਪੁ ਸੰਜਮੁ, ਹੋਰੁ ਕੋਈ ਨਾਹੀ ॥!**

**ਯਥਾ**

**ਜਬ ਲਗੁ ਗੁਰ ਕਾ ਸਬਦੁ ਨ ਕਾਮਹੀ ॥** (ਮਾਰੂ, ਮਹਲਾ 3, ਪੰਨਾ 1●6●)

**ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ ॥**

**ਯਥਾ**

**ਹਰਿ ਜੀਉ ਮਨਿ ਵਸੈ, ਸਭ ਦੂਖ ਵਿਸਾਰਣਹਾਰੁ ॥** (ਆਸਾ, ਮਹਲਾ 3, ਪੰਨਾ 423)

**(ਕ) ਮਾਲਾ**

ਮੰਤਰਾਂ ਜਾਂ ਕਿਸੇ ਇਕ ਲਫ਼ਜ਼ ਜਾਂ ਸ਼ਬਦ-ਜਾਪ ਨੂੰ ਗਿਣਤੀ ਮੁਤਾਬਕ ਕਰਨ ਲਈ 'ਮਾਲਾ' ਦੀ ਵਰਤੋਂ ਕੀਤੀ ਜਾਂਦੀ ਹੈ। ਗੁਰਬਾਣੀ ਨੇ ਗਿਣਤੀ ਦੇ ਪਾਠਾਂ ਦਾ ਵਿਰੋਧ ਕੀਤਾ ਹੈ, ਇਸ ਲਈ ਮਾਲਾ ਨੂੰ

ਵਿਅਰਥ ਦੱਸਿਆ ਹੈ। ਹਿਰਦੇ ਵਿਚ ਪ੍ਰਭੂ ਦੀ ਸਿਫ਼ਤ-ਸਲਾਹ ਕਰਨੀ ਅਥਵਾ ਸਿਮਰਨ ਕਰਨਾ ਹੀ ਅਸਲ 'ਮਾਲਾ-ਫੇਰਨਾ' ਹੈ :

**ਹਿਰਦੈ ਜਪਨੀ ਜਪਉ ਗੁਣਤਾਸਾ ॥**

**ਹਰਿ ਅਗਮ ਅਗੋਚਰੁ ਅਪਰੰਪਰ ਸੁਆਮੀ**

**ਜਨ ਪਗਿ ਲਗਿ ਧਿਆਵਉ, ਹੋਇ ਦਾਸਨਿ ਦਾਸਾ ।**

(ਬਿਲਾਵਲੁ ਕੀ ਵਾਰ, ਮਹਲਾ 3, ਪੰਨਾ 841)

**ਯਥਾ**

**ਹਰਿ ਮਾਲਾ ਉਰ ਅੰਤਰਿ ਧਾਰੈ ॥**

**ਜਨਮ ਮਰਣ ਦਾ ਦੂਖੁ ਨਿਵਾਰੈ ॥** (ਆਸਾ, ਮਹਲਾ 5, ਪੰਨਾ 388)

### (ਖ) ਹੋਮ-ਯੱਗ (ਹਵਨ -ਜੱਗ

ਹਿੰਦੂਮਤ ਦੇ ਗ੍ਰੰਥਾਂ ਅਨੁਸਾਰ ਅਗਨੀ ਨੂੰ ਦੇਵਤਿਆਂ ਦੀ ਰਸਨਾ (ਜੀਭ) ਮੰਨ ਕੇ ਹੋਮ (ਹਵਨ) ਯੱਗ ਆਦਿਕ ਕਰਮ ਲੋਕ ਤੇ ਪ੍ਰਲੋਕ ਦੇ ਸੁਖਾਂ ਦਾ ਸਾਧਨ ਕਲਪੇ ਗਏ ਹਨ। ਗੁਰਬਾਣੀ ਅਨੁਸਾਰ ਇਹ ਨਿਰਾਰਥਕ ਕਰਮ ਹਨ ਅਤੇ ਹੰਕਾਰ ਤੇ ਜਨਮ-ਮਰਨ ਦੇ ਗੇੜ ਦਾ ਕਾਰਨ ਬਣਦੇ ਹਨ:

**ਹੋਮ ਜਗ ਤੀਰਥ ਕੀਏ, ਬਿਚਿ ਹਉਮੈ ਬਧੇ ਬਿਕਾਰ ॥**

**ਨਰਕੁ ਸੁਰਗੁ ਦੁਇ ਭੁੰਚਨਾ, ਹੋਇ ਬਹੁਰਿ ਬਹੁਰਿ ਅਵਤਾਰ ॥**

(ਗੌੜੀ ਮਾਲਵਾ, ਮਹਲਾ 5, ਪੰਨਾ 214)

### (ਗ) ਮੜ੍ਹੀਆਂ (ਕਬਰਾਂ) ਦੀ ਪੂਜਾ

ਮ੍ਰਿਤਕ ਦੇ ਸਸਕਾਰ-ਅਸਥਾਨ ਉੱਪਰ ਬਣਾਈ ਗਈ ਇਮਾਰਤ, ਦੇਹੁਰਾ ਆਦਿ ਅਤੇ ਕਬਰ-ਪੂਜਾ ਪ੍ਰਭੂ ਤੋਂ ਦੂਰ ਲਿਜਾਉਣ ਵਾਲਾ ਕਰਮ ਹੈ। ਇਸ ਲਈ ਇਹ ਗੁਰਮਤਿ ਵਿਚ ਵਿਵਰਜਿਤ -ਕਰਮ ਹੈ :

**ਦੁਬਿਧਾ ਨ ਪੜਉ, ਹਰਿ ਬਿਨੁ ਹੋਰੁ ਨ ਪੂਜਉ**

**ਮੜੈ ਮਸਾਣਿ ਨ ਜਾਈ ॥** (ਸੋਰਠਿ, ਮਹਲਾ 1, ਪੰਨਾ 634)

**(ਘ) ਮੂਰਤੀ- ਪੂਜਾ**

ਕਿਸੇ ਦੇਵੀ-ਦੇਵਤੇ ਆਦਿ ਦੀ ਪੱਥਰ, ਲੱਕੜਾਂ ਜਾਂ ਹੋਰ ਧਾਤੂਦੀ ਮੂਰਤੀ ਬਣਾ ਕੇ ਉਸਦੀ ਪੂਜਾ ਕਰਨ ਨੂੰ 'ਮੂਰਤੀ ਪੂਜਾ' ਕਿਹਾ ਜਾਂਦਾ ਹੈ। ਗੁਰਬਾਣੀ ਵਿਚ ਇਸ ਨੂੰ ਵਿਅਰਥ-ਕਰਮ ਮੰਨਿਆ ਗਿਆ ਹੈ:

**ਜੋ ਪਾਥਰ ਕਉ ਕਹਤੇ ਦੇਵ ॥ ਤਾ ਕੀ ਬਿਰਥਾ ਹੋਵੈ ਸੇਵ ॥**

**ਜੋ ਪਾਥਰ ਕੀ ਪਾਂਈ ਪਾਇ ॥ ਤਿਸ ਕੀ ਘਾਲ ਅਜਾਂਈ ਜਾਇ ॥**

(ਭੈਰਉ, ਮਹਲਾ 5, ਪੰਨਾ 1160)

**(ਙ) ਭੇਖ/ਧਾਰਮਿਕ ਪਹਿਰਾਵਾ**

ਵੱਖ-ਵੱਖ ਧਰਮਾਂ ਵਲੋਂ ਪੁਜਾਰੀਆਂ ਤੇ ਸ਼ਰਧਾਲੂਆਂ ਲਈ ਨਿਸ਼ਚਿਤ ਕੀਤੇ ਗਏ ਧਾਰਮਿਕ ਲਿਬਾਸ ਅਤੇ ਧਾਰਮਿਕ ਚਿੰਨ੍ਹ ਜਦੋਂ ਆਤਮਿਕ-ਵਿਕਾਸ ਵਿਚ ਸਹਾਈ ਨਾ ਹੋਣ ਤਾਂ 'ਭੇਖ' ਬਣ ਕੇ ਰਹਿ ਜਾਂਦੇ ਹਨ। ਗੁਰਬਾਣੀ ਵਿਚ ਭੇਖਾਂ ਦੀ ਥਾਂ 'ਤੇ ਦੈਵੀ ਤੇ ਨੈਤਿਕ ਗੁਣਾਂ ਨੂੰ ਧਾਰਨ ਦੀ ਪ੍ਰੇਰਨਾ ਦਿੱਤੀ ਗਈ ਹੈ:

**ਬਾਹਰਿ ਭੇਖ ਬਹੁਤੁ ਚਤੁਰਾਈ, ਮਨੂਆ ਦਹ ਦਿਸਿ ਧਾਵੈ ॥**

**ਹਉਮੈ ਬਿਆਪਿਆ ਸਬਦੁ ਨ ਚੀਨੈ, ਫਿਰਿ ਫਿਰਿ ਜੂਨੀ ਆਵੈ ॥**

(ਸੂਹੀ, ਮਹਲਾ 4, ਪੰਨਾ 732)

ਯਥਾ

**ਬਹੁ ਭੇਖ ਕਰਿ ਭਰਮਾਈਐ, ਮਨਿ ਹਿਰਦੈ ਕਪਟੁ ਕਮਾਇ ॥**

**ਹਰਿ ਕਾ ਮਹਲੁ ਨ ਪਾਵਈ, ਮਰਿ ਵਿਸਟਾ ਮਾਹਿ ਸਮਾਇ ॥**

(ਸਿਰੀਰਾਗੁ, ਮਹਲਾ 3, ਪੰਨਾ 26)

**(ਚ) ਸੁੱਚ/ਸਰੀਰਕ ਪਵਿੱਤਰਤਾ**

ਸਰੀਰਕ ਪਵਿੱਤਰਤਾ (ਸੁੱਚ) ਨਾਲ ਕੋਈ ਆਤਮਿਕ ਪ੍ਰਾਪਤੀ ਨਹੀਂ ਹੁੰਦੀ। ਅਸਲ ਸੁੱਚੇ ਤਾਂ ਉਹ ਹਨ ਜਿਨ੍ਹਾਂ ਦੀ ਹਿਰਦਾ ਰੱਬੀ-ਪ੍ਰਕਾਸ਼ (ਦੈਵੀ-ਗੁਣਾਂ) ਨਾਲ ਪਵਿੱਤਰ ਹੋ ਗਿਆ ਹੈ :

**ਸੂਚੇ ਏਹਿ ਨ ਆਖੀਅਹਿ, ਬਹਨਿ ਜਿ ਪਿੰਡਾ ਧੋਇ ॥**

**ਸੂਚੇ ਸੇਈ ਨਾਨਕਾ, ਜਿਨ ਮਨਿ ਵਸਿਆ ਸੋਇ ॥** (ਆਸਾ ਕੀ ਵਾਰ, ਮਹਲਾ 1, ਪੰਨਾ 472)

## (ਛ) ਸ਼ਗਨ – ਅਪਸ਼ਗਨ

ਸ਼ਗਨ (ਸ਼ਕੁਨ) ਦਾ ਅਰਥ ਪੰਛੀ ਹੈ। ਲੋਕ-ਮਨੌਤ ਅਨੁਸਾਰ ਕਿਸੇ ਦਿਨ, ਕਿਸੇ ਸਮੇਂ, ਕਿਸੇ ਪੰਛੀ ਦੀ ਆਵਾਜ਼ ਸੁਣਨਾ 'ਸ਼ੁਭ' ਤੇ ਕਿਸੇ ਪੰਛੀ ਦੀ ਆਵਾਜ਼ ਸੁਣਨਾ 'ਅਸ਼ੁਭ' ਮੰਨਿਆ ਗਿਆ ਹੈ। ਕਈ ਪੰਛੀਆਂ/ਜਾਨਵਰਾਂ ਦੀਆਂ ਵਿਸ਼ੇਸ਼ ਹਰਕਤਾਂ ਬਦਸ਼ਗਨੀ ਮੰਨੀਆ ਜਾਂਦੀਆਂ ਹਨ। ਜਿਸ ਸ਼ਾਸਤਰ ਤੋਂ ਸ਼ਗਨ-ਅਪਸ਼ਗਨਾਂ ਦੇ ਫਲਾਂ ਦਾ ਪਤਾ ਲਗਦਾ ਹੈ, ਉਸ ਨੂੰ 'ਸਾਉਣ-ਸ਼ਾਸਤਰ' ਆਖਦੇ ਹਨ। ਵਹਿਮੀ ਲੋਕ ਕਿਸੇ ਕੰਮ ਨੂੰ ਅਰੰਭ ਕਰਨ ਵੇਲੇ ਸ਼ਗਨ-ਅਪਸ਼ਗਨ ਦੀ ਵਿਚਾਰ ਕਰਦੇ ਹਨ। ਗੁਰਬਾਣੀ ਇਸ ਵਿਚਾਰ ਦਾ ਵਿਰੋਧ ਕਰਦੀ ਹੈ :

**ਸਗੁਨ ਅਪਸਗੁਨ ਤਿਸ ਕਉ ਲਗਹਿ, ਜਿਸੁ ਚੀਤਿ ਨ ਆਵੈ ॥**

(ਆਸਾ, ਮਹਲਾ 5, ਪੰਨਾ 401)

ਯਥਾ

**ਸੋਈ ਸਾਸਤੁ, ਸਉਣੁ ਸੋਇ, ਜਿਤੁ ਜਪੀਐ ਹਰਿ ਨਾਉ ॥**

(ਸਿਰੀਰਾਗੁ, ਮਹਲਾ 5, ਪੰਨਾ 48)

## (ਜ) ਸੂਤਕ – ਪਾਤਕ

ਸ਼ਾਸਤਰਾਂ ਅਨੁਸਾਰ ਜਨਮ ਸਮੇਂ ਦੀ ਅਸ਼ੁੱਧੀ ਨੂੰ 'ਸੂਤਕ' ਤੇ ਮਰਨ ਸਮੇਂ ਦੀ ਅਸ਼ੁੱਧੀ ਨੂੰ 'ਪਾਤਕ' ਕਿਹਾ ਗਿਆ ਹੈ। ਗੁਰਬਾਣੀ ਵਿਚ ਸੂਤਕ-ਪਾਤਕ ਨੂੰ ਭਰਮ ਰੂਪ ਜਾਣ ਕੇ ਇਨ੍ਹਾਂ ਦਾ ਖੰਡਨ ਕੀਤਾ ਗਿਆ ਹੈ :

**ਸਭੋ ਸੂਤਕੁ ਭਰਮੁ ਹੈ, ਦੂਜੈ ਲਗੈ ਜਾਇ ॥**

**ਜੰਮਣੁ ਮਰਣਾ ਹੁਕਮੁ ਹੈ, ਭਾਣੈ ਆਵੈ ਜਾਇ ॥** (ਆਸਾ ਕੀ ਵਾਰ, ਮਹਲਾ 1, ਪੰਨਾ 482)

## ਗ੍ਰਿਹਸਤ – ਮਾਰਗ

ਸੰਸਾਰ (ਪਰਿਵਾਰ) ਵਿਚ ਰਹਿੰਦਿਆਂ ਹੋਇਆਂ ਹੀ ਧਰਮ ਦੀ ਕਮਾਈ ਕਰਨੀ ਚਾਹੀਦੀ ਹੈ। ਸੰਸਾਰਕ ਜ਼ਿੰਮੇਵਾਰੀਆਂ ਨਿਭਾਉਂਦਿਆਂ ਹੋਇਆਂ, ਪ੍ਰਭੂ ਦੀ ਸਿਫ਼ਤ-ਸਲਾਹ ਕਰਨ ਨਾਲ ਜੀਵਨ ਸਫ਼ਲ ਹੁੰਦਾ ਹੈ:

**ਉਦਮੁ ਕਰੇਦਿਆ ਜੀਉ ਤੂੰ, ਕਮਾਵਦਿਆ ਸੁਖ ਭੁੰਚੁ ॥**

**ਧਿਆਇਦਿਆ ਤੂੰ ਪ੍ਰਭੂ ਮਿਲੁ, ਨਾਨਕ ਉਤਰੀ ਚਿੰਤ ॥**

(ਗੂਜਰੀ ਕੀ ਵਾਰ, ਮਹਲਾ 5, ਪੰਨਾ 422)

ਯਥਾ

**ਸਤਿਗੁਰ ਕੀ ਐਸੀ ਵਡਿਆਈ ॥ ਪੁਤ੍ਰ ਕਲਤ੍ਰ ਵਿਚੇ ਗਤਿ ਪਾਈ ॥**

ਧਨਾਸਰੀ, ਮਹਲਾ 1, ਪੰਨਾ 661)

## ਮਨੁੱਖੀ ਏਕਤਾ

ਜਾਤ-ਪਾਤ ਦੇ ਭਿੰਨ ਭੇਦ ਨੂੰ ਤਿਆਗ ਕੇ, ਸਭ ਮਨੁੱਖਾਂ ਵਿਚ ਪ੍ਰਭੂ ਦੀ ਜੋਤਿ ਨੂੰ ਪਛਾਣਨਾ ਚਾਹੀਦਾ ਹੈ :

**ਜਾਣਹੁ ਜੋਤਿ ਨ ਪੂਛਹੁ ਜਾਤੀ, ਆਗੈ ਜਾਤਿ ਨ ਹੇ ॥**

(ਆਸਾ, ਮਹਲਾ 1, ਪੰਨਾ 349)

ਯਥਾ

**ਅਵਲਿ ਅਲਹ ਨੂਰੁ ਉਪਾਇਆ, ਕੁਦਰਤਿ ਕੇ ਸਭ ਬੰਦੇ ॥**

**ਏਕ ਨੂਰ ਤੇ ਸਭੁ ਜਗੁ ਉਪਜਿਆ, ਕਉਨ ਭਲੇ ਕੋ ਮੰਦੇ ॥**

(ਪ੍ਰਭਾਤੀ, ਕਬੀਰ ਜੀ, ਪੰਨਾ 1349-5●)

## ਨਿਸ਼ਕਾਮ ਸੇਵਾ

ਸੰਸਾਰ ਵਿਚ ਰਹਿੰਦਿਆਂ ਹੋਇਆ, ਦੀਨ-ਦੁਖੀਆਂ ਤੇ ਲੋੜਵੰਦਾਂ ਦੀ ਸੇਵਾ ਕਰਨ ਨਾਲ ਪ੍ਰਭੂ ਦੀਆਂ ਨਜ਼ਰਾਂ ਵਿਚ ਕਬੂਲ ਪਈਦਾ ਹੈ :

**ਵਿਚਿ ਦੁਨੀਆ ਸੇਵ ਕਮਾਈਐ ॥**

**ਤਾ ਦਰਗਹ ਬੈਸਣੁ ਪਾਈਐ ॥** (ਸਿਰੀਰਾਗੁ ਮਹਲਾ 1, ਪੰਨਾ 26)

## ਇਸਤਰੀ ਜਾਤੀ

ਗੁਰਬਾਣੀ ਇਸਤਰੀ ਤੇ ਮਰਦ ਦੀ ਬਰਾਬਰੀ ਨੂੰ ਮੰਨਦੀ ਹੈ। ਜਿਸ ਇਸਤਰੀ ਨੇ ਸੰਤਾਂ-ਭਗਤਾਂ, ਸੂਰਮਿਆਂ ਤੇ ਰਾਜਿਆ ਨੂੰ ਜਨਮ ਦਿੱਤਾ ਹੈ, ਉਸ ਨੂੰ ਨਿੰਦਣਾ ਠੀਕ ਨਹੀਂ ਹੈ।

**ਭੰਡਿ ਜੰਮੀਐ, ਭੰਡਿ ਨਿੰਮੀਐ, ਭੰਡਿ ਮੰਗਣੁ ਵੀਆਹੁ ॥**

**ਭੰਡਹੁ ਹੋਵੈ ਦੋਸਤੀ, ਭੰਡਹੁ ਚਲੈ ਰਾਹੁ ॥**

**ਭੰਡੁ ਮੁਆ ਭੰਡੁ ਭਾਲੀਐ, ਭੰਡਿ ਹੋਵੈ ਬੰਧਾਨੁ ॥**

**ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ ॥** (ਆਸਾ ਕੀ ਵਾਰ, ਮਹਲਾ 1, ਪੰਨਾ 473)

## ਨਸ਼ੇ

ਸ਼ਰਾਬ ਆਦਿਕ ਨਸ਼ੇ ਪੀਣ ਨਾਲ ਮਨੁੰਖ ਦੇ ਅੰਦਰ ਵਿਕਾਰ ਹੀ ਪੈਦਾ ਹੁੰਦੇ ਹਨ, ਬੁੱਧੀ ਮਲੀਨ ਹੁੰਦੀ ਹੈ ਅਤੇ ਪ੍ਰਭੂ ਤੋਂ ਦੂਰੀ ਹੋ ਜਾਂਦੀ ਹੈ:

**ਇਤੁ ਮਦਿ ਪੀਤੈ ਨਾਨਕਾ, ਬਹੁਤੇ ਖਟੀਅਹਿ ਬਿਕਾਰ ॥** (ਵਿਹਾਗੜੇ ਕੀ ਵਾਰ, ਪੰਨਾ 553)

ਯਥਾ

**ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ ॥**

**ਝੂਠਾ ਮਦੁ ਮੂਲਿ ਨ ਪੀਚਈ, ਜੇ ਕਾ ਪਾਰਿ ਵਸਾਇ ॥**

(ਬਿਹਾਗੜੇ ਕੀ ਵਾਰ, ਸਲੋਕ ਮਹਲਾ 3, ਪੰਨਾ 554)

## ਪਤੀ -ਪਤਨੀ

ਸੁਖੀ ਜੀਵਨ ਵਾਸਤੇ ਪਤੀ ਤੇ ਪਤਨੀ ਵਿਚ ਵਿਚਾਰਾਂ ਦੀ ਸਾਂਝ ਹੋਣੀ ਅਤੇ ਜ਼ਰੂਰੀ ਹੈ:

**ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ ॥**

**ਏਕ ਜੋਤਿ ਦੁਇ ਮੂਰਤੀ, ਧਨ ਪਿਰੁ ਕਹੀਐ ਸੋਇ ॥** (ਸੂਹੀ ਕੀ ਵਾਰ, ਮਹਲਾ 3, ਪੰਨਾ 788)

ਕਿਰਤ ਕਰਨੀ ਤੇ ਵੰਡ ਛਕਣਾ

ਧਰਮ ਦੀ ਕਿਰਤ ਕਰਨੀ ਤੇ ਕਿਰਤ-ਕਮਾਈ ਵਿਚੋਂ ਲੋੜਵੰਦਾ ਦੀ ਸੇਵਾ ਕਰਨੀ-ਇਹ ਸਮਾਜਕ ਖੁਸ਼ਹਾਲੀ ਦਾ ਰਸਤਾ ਹੈ:

**ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥**

(ਸਾਰੰਗ ਕੀ ਵਾਰ, ਸਲੋਕ ਮਹਲਾ 1, ਪੰਨਾ 1245)

## ਪਰਾਇਆ ਹੱਕ

ਕਿਸੇ ਦਾ ਹੱਕ ਮਾਰਨਾ ਪੂਰੀ ਤਰ੍ਹਾਂ ਵਿਵਰਜਿਤ ਹੈ। ਇਹ ਕੰਮ ਅਧਰਮੀ ਲੋਕਾਂ ਦਾ ਹੈ:

**ਹਕੁ ਪਰਾਇਆ ਨਾਨਕਾ, ਉਸੁ ਸੂਅਰ ਉਸੁ ਗਾਇ ॥**

**ਗੁਰੁ ਪੀਰੁ ਹਾਮਾ ਤਾ ਭਰੇ, ਜਾ ਮੁਰਦਾਰੁ ਨ ਖਾਇ ॥**

(ਮਾਝ ਕੀ ਵਾਰ, ਸਲੋਕ ਮਹਲਾ 1, ਪੰਨਾ 141)

## ਰੁਪਏ ਪੈਸੇ ਦੀ ਸਾਵੀਂ ਵੰਡ

ਉਹ ਮਨੁੱਖ, ਪਰਿਵਾਰ ਜਾਂ ਸਮਾਜ ਹੀ ਖੁਸ਼ਹਾਲ ਹੋ ਸਕਦਾ ਹੈ ਜਿਥੇ ਲੋਕਾਂ ਕੋਲ ਜਾਂ ਤਾਂ ਬਹੁਤਾ ਧਨ ਨਾ ਹੋਵੇ, ਜਾਂ ਬਿਲਕੁਲ ਕੰਗਾਲੀ ਨਾ ਹੋਵੇ। ਅਮੀਰ ਚਿੰਤਾਵਾਂ ਵਿਚ ਫਸੇ ਰਹਿੰਦੇ ਹਨ ਤੇ ਗਰੀਬ ਦੋ ਡੰਗ ਦੀ ਰੋਟੀ ਤੇ ਤਨ ਢੱਕਣ ਲਈ ਕੱਪੜੇ ਲਈ ਭਟਕ ਦੇ ਫਿਰਦੇ ਰਹਿੰਦੇ ਹਨ :

**ਜਿਸੁ ਗ੍ਰਿਹਿ ਬਹੁਤੁ, ਤਿਸੈ ਗ੍ਰਿਹਿ ਚਿੰਤਾ ॥**

**ਜਿਸੁ ਗ੍ਰਿਹਿ ਥੋਰੀ, ਸੁ ਫਿਰੈ ਭ੍ਰਮੰਤਾ ॥**

**ਦੁਹੂ ਬਿਵਸਥਾ ਤੇ ਜੋ ਮੁਕਤਾ, ਸੋਈ ਸੁਹੇਲਾ ਭਾਲੀਐ ॥** (ਮਾਰੂ, ਮਹਲਾ 5, ਪੰਨਾ 1●19)

ਨਿਰਭਉ ਤੇ ਨਿਰਵੈਰ ਹੋਣਾ

ਨਾ ਕਿਸੇ ਤੋਂ ਡਰਨਾ (ਨਾ ਕਿਸੇ ਦੀ ਈਨ ਮੰਨਣੀ) ਤੇ ਨਾ ਹੀ ਕਿਸੇ ਨੂੰ ਡਰਾਉਣਾ, ਇਹ ਧਰਮੀ ਮਨੁੱਖ ਦੀ ਨਿਸ਼ਾਨੀ ਹੈ :

**ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ ॥**

**ਕਹੁ ਨਾਨਕ ਸੁਨਿ ਰੇ ਮਨਾ, ਗਿਆਨੀ ਤਾਹਿ ਬਖਾਨਿ ॥**

(ਸਲੋਕ, ਮਹਲਾ 9, ਪੰਨਾ 1427)

## ਜੀਵਨ-ਜੁਗਤੀ

ਇਹ ਸੰਸਾਰ ਵਿਕਾਰਾਂ ਦਾ ਸਮੁੰਦਰ ਹੈ ; ਇਸ ਵਿਚ ਵਿਕਾਰਾਂ ਦੇ ਪ੍ਰਭਾਵ ਤੋਂ ਬਚ ਕੇ ਰਹਿਣਾ ਹੈ, ਮਾਇਆ ਦੇ ਪ੍ਰਭਾਵ ਅਤੇ ਜਗਤ ਦੇ ਪਦਾਰਥਾਂ ਦੇ ਮੋਹ ਤੋਂ ਬਚ ਕੇ ਰਹਿਣਾ ਹੈ, ਜਿਵੇਂ ਕਿ ਮੁਰਗਾਬੀ ਪਾਣੀ ਵਿਚ ਰਹਿੰਦੀ ਆਪਣੇ ਖੰਭਾ ਨੂੰ ਪਾਣੀ ਦੇ ਅਸਰ ਤੋਂ ਬਚਾ ਕੇ ਰੱਖਦੀ ਹੈ ਅਤੇ ਜਿਵੇਂ ਚਿੱਕੜ ਵਿਚ ਉੱਗਿਆ ਕਮਲ ਦਾ ਫੁੱਲ ਚਿੱਕੜ ਤੋਂ ਉਤਾਂਹ ਰਹਿੰਦਾ ਹੈ। ਇਸ ਜੀਵਨ-ਜਾਚ ਦੀ ਸਮਝ ਗੁਰੂ ਦੇ ਸ਼ਬਦ ਵਿਚ ਸੁਰਤ

ਜੋੜ ਕੇ ਆਉਂਦੀ ਹੈ :

ਜੈਸੇ ਜਲ ਮਹਿ ਕਮਲੁ ਨਿਰਾਲਮੁ, ਮੁਰਗਾਈ ਨੈ ਸਾਣੇ ॥

ਸੁਰਤਿ ਸਬਦਿ ਭਵ ਸਾਗਰੁ ਤਰੀਐ, ਨਾਨਕ ਨਾਮੁ ਵਖਾਣੇ ॥

(ਰਾਮਕਲੀ, ਸਿਧ ਗੋਸਟਿ, ਮਹਲਾ 1, ਪੰਨਾ 938)

.....

निम्नलिखित वेबसाइट में दस गुरूजनों का सम्पूर्ण जीवन वृत्तांत विस्तृत रूप में तथा स्वतत्रंता अवश्य देखें तथा पढ़े।

www.sikhworld.info

jasbirsikhworldinfo@gmail.com

**ਉਪਰੋਕਤ ਵੇਬ ਸਾਇਟ ਵਿੱਚ ਦਸ ਗੁਰੂਸਾਹਿਬਾਨਾਂ ਦਾ ਸੰਪੂਰਨ ਜੀਵਨ ਬਿਉਰਾ ਵਿਸਤਾਰ ਸਹਿਤ ਜ਼ਰੂਰ ਦੇਖੋ ਅਤੇ ਪੜੋ ਜੀ।**

**ਲਾਂਚ ਕਰਤਾ : ਜਸਬੀਰ ਸਿੰਘ**

**Mob. : 099881-60484, 62390-45985**

Type Setting : Radheshyam Choudhary

Mob. : 098149- 66882